Samaj Weekly

ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 4 : # ਅੰਕ 305 | 25/04/2026 | www.samajweekly.com | samajweekly | @samajweekly | samajweekly

# LEBANON-ISRAEL ਜੰਗਬੰਦੀ ਤਿੰਨ ਹਫ਼ਤੇ ਵਧੀ

## ਟਰੰਪ ਨੇ ਇਜ਼ਰਾਈਲ ਅਤੇ ਲੈਬਨਾਨ ਦੇ ਨੁਮਾਇੰਦਿਆਂ ਦੀ ਮੀਟਿੰਗ ਮਗਰੋਂ ਐਲਾਨ ਕੀਤਾ

**ਵਾਸ਼ਿੰਗਟਨ।** ਇਜ਼ਰਾਈਲ ਅਤੇ ਲੈਬਨਾਨ ਵਿਚਾਲੇ ਜੰਗਬੰਦੀ ਤਿੰਨ ਹੋਰ ਹਫ਼ਤਿਆਂ ਲਈ ਵਧ ਗਈ ਹੈ। ਵ੍ਹਾਈਟ ਹਾਊਸ ’ਚ ਹੋਈ ਵਾਰਤਾ ਮਗਰੋਂ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਸ ਦਾ ਐਲਾਨ ਕਰਦਿਆਂ ਕਿਹਾ ਕਿ ਇਜ਼ਰਾਈਲ ਅਤੇ ਲੈਬਨਾਨ ਨੇ ਜੰਗਬੰਦੀ ਦੀ ਮਿਆਦ ਵਧਾਉਣ ’ਤੇ ਸਹਿਮਤੀ ਜਤਾਈ ਹੈ। ਰਾਸ਼ਟਰਪਤੀ ਦਫ਼ਤਰ ’ਚ ਮੀਟਿੰਗ ਦੌਰਾਨ ਟਰੰਪ ਨੇ ਮੰਨਿਆ ਕਿ ਉਨ੍ਹਾਂ ਨੂੰ ਹਿਜ਼ਬੁੱਲਾ ਬਾਰੇ ਵੀ ਹੁਣ ਸੋਚਣਾ ਹੋਵੇਗਾ। ਉਂਝ, ਇਰਾਨ ਦੀ ਹਮਾਇਤ ਪ੍ਰਾਪਤ ਹਿਜ਼ਬੁੱਲਾ ਨੇ ਵਾਰਤਾ ਦਾ ਵਿਰੋਧ ਕੀਤਾ ਹੈ ਅਤੇ ਬੀਤੇ ਸ਼ੁੱਕਰਵਾਰ ਨੂੰ ਜੰਗਬੰਦੀ ਲਾਗੂ ਹੋਣ ਮਗਰੋਂ ਦੋਵੇਂ ਧਿਰਾਂ ਵੱਲੋਂ ਕਈ ਵਾਰ ਇਸ ਦੀ ਉਲੰਘਣਾ ਕੀਤੀ ਗਈ। ਇਜ਼ਰਾਈਲ ਅਤੇ ਲੈਬਨਾਨ ਵਿਚਾਲੇ ਦਹਾਕਿਆਂ ’ਚ ਇਹ ਪਹਿਲੀ ਸਿੱਧੀ ਕੂਟਨੀਤਕ ਵਾਰਤਾ ਸੀ। ਜੰਗਬੰਦੀ ਦੀ ਮਿਆਦ ਪਹਿਲਾਂ ਸੋਮਵਾਰ ਨੂੰ ਖ਼ਤਮ ਹੋਣ ਜਾ ਰਹੀ ਸੀ। ਟਰੰਪ ਨੇ ਸੋਸ਼ਲ ਮੀਡੀਆ ’ਤੇ ਕਿਹਾ, ‘‘ਲੈਬਨਾਨ ਨੂੰ ਹਿਜ਼ਬੁੱਲਾ ਤੋਂ ਰੱਖਿਆ ’ਚ ਮਦਦ ਕਰਨ ਲਈ ਅਮਰੀਕਾ ਉਸ ਨਾਲ ਮਿਲ ਕੇ ਕੰਮ ਕਰੇਗਾ।’’ ਉਨ੍ਹਾਂ ਆਸ ਜਤਾਈ ਕਿ ਅਗਲੇ ਕੁਝ ਹਫ਼ਤਿਆਂ ’ਚ ਉਹ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਤੇ ਲੈਬਨਾਨ ਦੇ ਰਾਸ਼ਟਰਪਤੀ ਜੋਸੇਫ ਆਊਨ ਨਾਲ ਵਾਸ਼ਿੰਗਟਨ ’ਚ ਮੁਲ-ਾਕਾਤ ਕਰਨਗੇ। ਇਸ ਦੌਰਾਨ ਇਜ਼ਰਾਈਲੀ ਫ਼ੌਜ ਨੇ ਕਿਹਾ ਕਿ ਉਨ੍ਹਾਂ ਲੈਬਨਾਨ ’ਚ ਮਿਜ਼ਾਈਲ ਲਾਂਚਰ ਨੂੰ ਨਿਸ਼ਾਨਾ ਬਣਾਇਆ ਜਿਸ ਤੋਂ ਵੀਰਵਾਰ ਨੂੰ ਇਜ਼ਰਾਈਲ ’ਤੇ ਹਮਲਾ ਕੀਤਾ ਗਿਆ ਸੀ।

### ਇਰਾਨ ਨਾਲ ਸ਼ਾਂਤੀ ਸਮਝੌਤੇ ਦੀ ਕਾਹਲ ਨਹੀਂ: ਟਰੰਪ

ਦੁਬਈ/ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਇਰਾਨ ਨਾਲ ਸ਼ਾਂਤੀ ਸਮਝੌਤੇ ਦੀ ਕਾਹਲ ਨਹੀਂ ਹੈ ਅਤੇ ਉਹ ਚਾਹੁੰਦੇ ਹਨ ਕਿ ਸਮਝੌਤਾ ਸਥਾਈ ਹੋਵੇ। ਉਂਝ ਉਨ੍ਹਾਂ ਦਾਅਵਾ ਕੀਤਾ ਕਿ ਹਰਮੁਜ਼ ਜਲ ਮਾਰਗ ’ਤੇ ਅਮਰੀਕਾ



ਦਾ ਹੱਥ ਉਪਰ ਹੈ। ਉਨ੍ਹਾਂ ਕਿਹਾ ਕਿ ਇਰਾਨੀ ਲੀਡਰਸ਼ਿਪ ਖਿੰਡੀ ਹੋਈ ਹੈ ਜਿਸ ਕਾਰਨ ਸਮਝੌਤਾ ਸਿਰੇ ਨਹੀਂ ਚੜ੍ਹ ਰਿਹਾ ਹੈ। ਉਨ੍ਹਾਂ ਪਰਮਾਣੂ ਹਥਿਆਰਾਂ ਦੀ ਵਰਤੋਂ ਨੂੰ ਨਕਾਰਦਿਆਂ ਕਿਹਾ ਕਿ ਇਹ ਗ਼ੈਰ-ਜ਼ਰੂਰੀ ਹਨ ਕਿਉਂਕਿ ਅਮਰੀਕਾ ਨੇ ਪੁਰਾਤਨ ਹਥਿਆਰਾਂ ਨਾਲ ਹੀ ਇਰਾਨ ਨੂੰ ਢਾਹ ਲਗਾ ਦਿੱਤੀ ਹੈ। ਵ੍ਹਾਈਟ ਹਾਊਸ ’ਚ ਇਕ ਪੱਤਰਕਾਰ ਵੱਲੋਂ ਪੁੱਛੇ ਗਏ ਸਵਾਲ ਦੇ ਜਵਾਬ ’ਚ ਟਰੰਪ ਨੇ ਕਿਹਾ, ‘‘ਮੈਂ ਪਰਮਾਣੂ ਹਥਿਆਰਾਂ ਦੀ ਵਰਤੋਂ ਨਹੀਂ ਕਰਾਂਗਾ। ਪਰਮਾਣੂ ਹਥਿਆਰਾਂ ਦੀ ਵਰਤੋਂ ਦੀ ਇਜਾਜ਼ਤ ਕਦੇ ਵੀ ਕਿਸੇ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ ਹੈ।’’ ਇਰਾਨੀ ਸੁਪਰੀਮ ਆਗੂ ਆਇਤੁੱਲਾ ਮੁਜਤਬਾ ਖਮੇਨੇਈ ਨੇ ਟਰੰਪ ਦੇ ਦਾਅਵੇ ਨੂੰ ਨਕਾਰਦਿਆਂ ਇਸ ਨੂੰ ‘ਦੁਸ਼ਮਣ ਦੀਆਂ ਮੀਡੀਆ ਹਰਕਤਾਂ’ ਕਰਾਰ ਕਰਦਿਆਂ ਕਿਹਾ ਕਿ ਇਹ ਇਰਾਨੀ ਏਕਤਾ ਅਤੇ ਸੁਰੱਖਿਆ ਨੂੰ ਬਦਨਾਮ ਕਰਨ ਜਾਂ ਕਮਜ਼ੋਰ ਕਰਨ ਦੀ ਚਾਲ ਹੈ।

# ਭਾਜਪਾ ’ਚ ਸ਼ਾਮਲ ਹੋਏ ਰਾਘਵ ਚੱਢਾ, ਸੰਦੀਪ ਪਾਠਕ ਤੇ ਅਸ਼ੋਕ ਮਿੱਤਲ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਦਿੱਗਜ ਆਗੂ ਅਤੇ ਰਾਜ ਸਭਾ ਮੈਂਬਰ ਰਾਘਵ ਚੱਢਾ ਦੋ ਹੋਰ ਸੰਸਦ ਮੈਂਬਰਾਂ ਸੰਦੀਪ ਪਾਠਕ ਅਤੇ ਅਸ਼ੋਕ ਮਿੱਤਲ ਨਾਲ ਆਮ ਆਦਮੀ ਪਾਰਟੀ ਨੂੰ ਛੱਡ ਕੇ ਭਾਜਪਾ ’ਚ ਸ਼ਾਮਲ ਹੋ ਗਏ ਹਨ। ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਵੱਲੋਂ ਸਵਾਗਤ ਕੀਤਾ ਗਿਆ। ਇਸ ਤੋਂ ਪਹਿਲਾਂ ਉਨ੍ਹਾਂ ਪ੍ਰੈੱਸ ਕਾਨਫਰੰਸ ਕਰ ਕੇ ਪਾਰਟੀ ਛੱਡਣ ਦਾ ਐਲਾਨ ਕੀਤਾ। ਚੱਢਾ ਨੇ ਐਲਾਨ ਕੀਤਾ ਕਿ ਰਾਜ ਸਭਾ ਵਿੱਚ AAP ਦੇ ਦੋ-ਤਿਹਾਈ ਮੈਂਬਰ ਹੁਣ ਭਾਜਪਾ ਵਿੱਚ ਰਲੇਵਾਂ ਕਰ ਰਹੇ ਹਨ। ਉਨ੍ਹਾਂ ਨੇ ਸੰਵਿਧਾਨ ਦੀਆਂ ਧਾਰਾਵਾਂ ਦਾ ਹਵਾਲਾ ਦਿੰਦੇ ਹੋਏ ਇਸ ਕਦਮ ਨੂੰ ਜਾਇਜ਼ ਠਹਿਰਾਇਆ ਹੈ। ਚੱਢਾ ਨੇ ਦੱਸਿਆ ਕਿ ਉਨ੍ਹਾਂ ਨੇ ਅੱਜ ਸਵੇਰੇ ਹੀ ਰਾਜ ਸਭਾ ਦੇ ਚੇਅਰਮੈਨ ਨੂੰ ਲੋੜੀਂਦੇ ਦਸਤਾਵੇਜ਼ ਅਤੇ ਦਸਤਖਤ ਕੀਤੇ ਪੱਤਰ ਸੌਂਪ ਦਿੱਤੇ ਹਨ। ਇਹ ਖ਼ਬਰ ਸਿਆਸੀ ਗਲਿਆਰਿਆਂ ਵਿੱਚ ਅੱਗ ਵਾਂਗ ਫੈਲ ਗਈ ਹੈ, ਕਿਉਂਕਿ ਪੰਜਾਬ ਨਾਲ ਸਬੰਧਤ ਇਹ ਤਿੰਨੋਂ ਚਿਹਰੇ ਪਾਰਟੀ ਦੀ ਰੀੜ੍ਹ ਦੀ ਹੱਡੀ ਮੰਨੇ ਜਾਂਦੇ ਸਨ। ਰਾਜ ਸਭਾ ਵਿੱਚ ਆਮ ਆਮੀ ਪਾਰਟੀ ਦੇ ਕੁੱਲ 10 ਸੰਸਦ ਮੈਂਬਰ ਹਨ ਅਤੇ ਚੱਢਾ ਨੇ 7 ਸੰਸਦ ਮੈਂਬਰਾਂ ਦੇ ਨਾਲ ਹੋਣ ਦਾ ਦਾਅਵਾ ਕੀਤਾ ਹੈ। ਪ੍ਰੈੱਸ ਕਾਨਫਰੰਸ ਵਿੱਚ ਉਨ੍ਹਾਂ ਦੇ ਨਾਲ ਸੰਦੀਪ ਪਾਠਕ ਅਤੇ ਅਸ਼ੋਕ ਮਿੱਤਲ ਮੌਜੂਦ ਸਨ। ਇਸ ਤੋਂ



ਇਲਾਵਾ ਉਨ੍ਹਾਂ ਨੇ ਹਰਭਜਨ ਸਿੰਘ, ਰਾਜੇਂਦਰ ਗੁਪਤਾ, ਵਿਕਰਮਜੀਤ ਸਾਹਨੀ ਅਤੇ ਸਵਾਤੀ ਮਾਲੀਵਾਲ ਦੇ ਨਾਂ ਵੀ ਲਏ ਹਨ।

# ਪਹਿਲੇ ਗੇੜ ਦੀ ਪੋਲਿੰਗ ’ਚ TMC ਦੀ ਜਿੱਤ ਦੇ ਸੰਕੇਤ: ਮਮਤਾ ਬੈਨਰਜੀ

**ਕੋਲਕਾਤਾ।** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਹੈ ਕਿ ਵਿਧਾਨ ਸਭਾ ਚੋਣਾਂ ਦੇ ਪਹਿਲੇ ਗੇੜ ’ਚ ਹੁਣ ਤੱਕ ਪਈਆਂ ਵੋਟਾਂ ਤੋਂ ਸੰਕੇਤ ਮਿਲਦਾ ਹੈ ਕਿ ਤ੍ਰਿਣਮੂਲ ਕਾਂਗਰਸ (ਟੀ ਐੱਮ ਸੀ) ਹੁਣੇ ਤੋਂ ਹੀ ਜਿੱਤ ਦੀ ਸਥਿਤੀ ’ਚ ਹੈ। ਕੋਲਕਾਤਾ ਦੇ ਬੋਅ ਬਾਜ਼ਾਰ ਇਲਾਕੇ ’ਚ ਰੈਲੀ ਦੌਰਾਨ ਮਮਤਾ ਨੇ ਕਿਹਾ ਕਿ ਚੋਣਾਂ ਜਿੱਤਣ ਤੋਂ ਬਾਅਦ ਉਹ ਸਾਰੀਆਂ ਵਿਰੋਧੀ ਧਿਰਾਂ ਨੂੰ ਲੈ ਕੇ ਦਿੱਲੀ (ਕੇਂਦਰ ਦੀ ਸੱਤਾ) ’ਤੇ ਫ਼ਤਹਿ ਹਾਸਲ ਕਰੇਗੀ। ਉਨ੍ਹਾਂ ਕਿਹਾ, ‘‘ਮੈਂ ਲੋਕਾਂ ਦੇ ਮਨ ਨੂੰ ਜਿੰਨਾ ਸਮਝ ਸਕੀ ਹਾਂ, ਉਸ ਦੇ ਹਿਸਾਬ ਨਾਲ ਹੁਣ ਤੱਕ ਹੋਈ ਵੋਟਿੰਗ ਨੂੰ ਦੇਖਦਿਆਂ ਇਹ ਆਖ ਸਕਦੀ ਹਾਂ ਕਿ ਅਸੀਂ ਪਹਿਲਾਂ ਤੋਂ ਹੀ ਜਿੱਤ ਦੀ ਹਾਲਤ ’ਚ ਹਾਂ।’’ ਉਨ੍ਹਾਂ ਕਿਹਾ ਕਿ ਉਹ ਕਿਸੇ ਅਹੁਦੇ ’ਚ ਕੋਈ



ਦਿਲਚਸਪੀ ਨਹੀਂ ਰੱਖਦੇ ਅਤੇ ਉਹ ਸਿਰਫ਼ ਦਿੱਲੀ ’ਚ ਭਾਜਪਾ ਸਰਕਾਰ ਦਾ ਅੰਤ ਚਾਹੁੰਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਐੱਸ ਆਈ ਆਰ ਪ੍ਰਕਿਰਿਆ ਦੌਰਾਨ ਵੱਡੇ ਪੱਧਰ ’ਤੇ ਨਾਮ ਹਟਾਉਣ ਦੇ ਰੋਸ ਵਜੋਂ ਵੱਡੀ ਗਿਣਤੀ ’ਚ ਲੋਕਾਂ ਨੇ ਵੋਟ ਪਾਏ ਹਨ। ਮਮਤਾ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀਆਂ ਕੋਸ਼ਿਸ਼ਾਂ ਸਦਕਾ ਵੋਟਰ ਸੂਚੀ ’ਚ 32 ਲੱਖ ਨਾਮ ਮੁੜ ਸ਼ਾਮਲ ਕੀਤੇ ਗਏ ਹਨ। ਮੋਦੀ ਦੀ ਉਸ ਟਿੱਪਣੀ ਦਾ ਜਵਾਬ ਦਿੰਦਿਆਂ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਵੋਟਾਂ ਦੀ ਗਿਣਤੀ ਖ਼ਤਮ ਹੋਣ ਤੋਂ ਬਾਅਦ 4 ਮਈ ਨੂੰ ਭਾਜਪਾ ਦੀ ਬੰਗਾਲ ਇਕਾਈ ਜਿੱਤ ਦਾ ਜਸ਼ਨ ਮਨਾਏਗੀ ਅਤੇ ਪਾਰਟੀ ਲੋਕਾਂ ਵਿੱਚ ਨਾ ਸਿਰਫ਼ ਮਠਿਆਈਆਂ ਸਗੋਂ ‘ਝਾਲਮੁੜੀ’ ਵੀ ਵੰਡੇਗੀ, ਮੁੱਖ ਮੰਤਰੀ ਨੇ ਕਿਹਾ ਕਿ ਉਹ ਭੇਲਪੁਰੀ ਭੇਜੇਗੀ ਜੋ ਦਿੱਲੀ ਵਿੱਚ ਮਿਲਦੀ ਹੈ।

## ਲੁਧਿਆਣਾ ਦੀ ਲੜਕੀ ਦੀ ਕੈਨੇਡਾ ‘ਚ ਭੇਦ ਭਰੇ ਹਾਲਾਤਾਂ ‘ਚ ਮੌਤ

**ਵੈਨਕੂਵਰ( ਮਲਕੀਤ ਸਿੰਘ)–** ਕੈਨੇਡਾ ਵਿਚ ਵਰਕ ਪਰਮਿਟ ਤੇ ਰਹਿ ਰਹੀ ਪੰਜਾਬੀ ਮੂਲ ਦੀ ਇੱਕ ਨੌਜਵਾਨ ਲੜਕੀ ਦੀ ਓਂਟਾਰੀਓ ਦੇ ਇੱਕ ਪਾਰਕ ਵਿੱਚ ਬੈਂਚ ਦੇ ਬੈਠੇ ਬੈਠੇ ਭੇਦ ਭਰੇ ਹਾਲਾਤਾਂ ਚ ਅਚਾਨਕ ਮੌਤ ਹੋ ਜਾਣ ਲਈ ਸੂਚਨਾ ਮਿਲੀ ਹੈ। ਪ੍ਰਾਪਤ ਵੇਰਵਿਆ ਮੁਤਾਬਕ ਉਕਤ ਨੌਜਵਾਨ ਲੜਕੀ ਸਾਲ 2021 ਚ ਕਨੇਡਾ ਆਈ ਸੀ ਅਤੇ ਵਰਕ ਪਰਮਿਟ ਤੇ ਕਨੇਡਾ ਰਹਿ ਰਹੀ ਸੀ ਉਹ ਚਾਇਲਡ ਕੇਅਰ ਦਾ ਕੰਮ ਕਰਦੀ ਸੀ ਉਸ ਵੱਲੋਂ ਆਪਣੀ ਪੀਆਰ ਅਪਲਾਈ ਕੀਤੀ ਹੋਈ ਸੀ 26 ਸਾਲਾ ਮ੍ਰਿਤਕਾ ਦੀ ਪਛਾਣ



**ਮ੍ਰਿਤਕਾ ਅਮਨਦੀਪ ਕੌਰ ਦੀ ਇੱਕ ਤਸਵੀਰ**

ਅਨਮੋਲਦੀਪ ਕੌਰ ਵਜੋਂ ਹੋਈ ਹੈ, ਜੋ ਲੁਧਿਆਣਾ ਦੇ ਨਵੀਂ ਆਬਾਦੀ ਅਕਾਲਗੜ੍ਹ ਨਾਲ ਸੰਬੰਧਿਤ ਸੀ । ਪ੍ਰਾਪਤ ਵੇਰਵਿਆਂ ਮੁਤਾਬਕ ਉਹ ਸੈਰ ਕਰਨ ਲਈ ਘਰ ਨੇੜਲੇ ਇੱਕ ਪਾਰਕ ਚ ਗਈ ਅਤੇ ਉੱਥੇ ਬੈਂਚ ਤੇ ਬੈਠੀ ਬੈਠੀ ਬੇਹੋਸ਼ ਹੋ ਗਈ ਜਿਸ ਮਗਰੋਂ ਉਥੇ ਮੌਜੂਦ ਕੁਝ ਹੋਰਨਾਂ ਲੋਕਾਂ ਵੱਲੋਂ ਜਦੋਂ ਉਸ ਨੂੰ ਹਿਲਾ ਕੇ ਵੇਖਿਆ ਤਾਂ ਉਹ ਮ੍ਰਿਤਕ ਪਾਈ ਗਈ ਮੌਕੇ ਤੇ ਬੁਲਾਈ ਗਈ ਪੁਲਿਸ ਵੱਲੋਂ ਲਾਸ਼ ਨੂੰ ਕਬਜ਼ੇ ਚ ਲੈਣ ਦੇ ਨਾਲ ਨਾਲ ਨੇੜਲੇ ਸੀ ਸੀ ਟੀ ਟੀਵੀ ਕੈਮਰਿਆਂ ਨੂੰ ਖੰਗਾਲਿਆ ਜਾ ਰਿਹਾ ਹੈ ਅਤੇ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ ਘਟਨਾ ਦੀ ਸੂਚਨਾ ਮਿਲਦਿਆ ਮ੍ਰਿਤਕਾ ਦਾ ਭਰਾ ਅਮਰੀਕਾ ਤੋਂ ਕੈਨੇਡਾ ਪੁੱਜ ਗਿਆ ਹੈ।

## ਅੱਗ ਵਾਂਗ ਤਪਣ ਲੱਗਿਆ ਪੰਜਾਬ, 44 ਡਿਗਰੀ ਤੱਕ ਪਹੁੰਚਿਆ ਤਾਪਮਾਨ

**ਚੰਡੀਗੜ੍ਹ।** ਪੰਜਾਬ ਅਤੇ ਚੰਡੀਗੜ੍ਹ ਵਿੱਚ ਭਾਰੀ ਗਰਮੀ ਪੈ ਰਹੀ ਹੈ। ਨੌਂ ਤੋਂ ਵੱਧ ਜ਼ਿਲ੍ਹਿਆਂ ਵਿੱਚ ਤਾਪਮਾਨ 40 ਡਿਗਰੀ ਸੈਲਸੀਅਸ ਤੋਂ ਵੱਧ ਦਰਜ ਕੀਤਾ ਗਿਆ। ਬਠਿੰਡਾ ਵਿੱਚ ਵੀਰਵਾਰ ਨੂੰ ਵੱਧ ਤੋਂ ਵੱਧ ਤਾਪਮਾਨ 44.0 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਆਮ ਨਾਲੋਂ ਚਾਰ ਡਿਗਰੀ ਵੱਧ ਹੈ। ਇਹ ਇਸ ਸੀਜ਼ਨ ਵਿੱਚ ਹੁਣ ਤੱਕ ਦਾ ਸਭ ਤੋਂ ਵੱਧ ਤਾਪਮਾਨ ਹੈ। ਗਰਮੀ ਦੇ ਕਾਰਨ, ਸਿਹਤ ਵਿਭਾਗ ਨੇ ਲੋਕਾਂ ਨੂੰ ਦੁਪਹਿਰ ਵੇਲੇ ਆਪਣੇ ਘਰਾਂ ਤੋਂ ਬਾਹਰ ਨਾ ਨਿਕਲਣ ਦੀ ਸਲਾਹ ਦਿੱਤੀ ਹੈ। ਮੌਸਮ ਵਿਗਿਆਨ ਕੇਂਦਰ, ਚੰਡੀਗੜ੍ਹ ਨੇ ਅੱਜ ਅਤੇ ਕੱਲ੍ਹ ਸੂਬੇ ਅਤੇ ਚੰਡੀਗੜ੍ਹ ਵਿੱਚ ਲੂ ਲਈ ਯੈਲੋ ਅਲਰਟ ਜਾਰੀ ਕੀਤਾ ਹੈ। ਇਸ ਸਮੇਂ ਦੌਰਾਨ ਚੰਡੀਗੜ੍ਹ ਵਿੱਚ ਰਾਤਾਂ ਵੀ ਗਰਮ ਰਹਿਣਗੀਆਂ। 26 ਤੋਂ 29 ਅਪ੍ਰੈਲ ਤੱਕ ਮੀਂਹ ਅਤੇ ਤੂਫ਼ਾਨ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ।



ਪੰਜਾਬ ਵਿੱਚ, 10 ਜ਼ਿਲ੍ਹਿਆਂ ਵਿੱਚ 40 ਡਿਗਰੀ ਸੈਲਸੀਅਸ ਤੋਂ ਵੱਧ ਤਾਪਮਾਨ ਦਰਜ ਕੀਤਾ ਗਿਆ, ਜਦੋਂ ਕਿ 7 ਜ਼ਿਲ੍ਹਿਆਂ ਵਿੱਚ 35 ਤੋਂ 40 ਡਿਗਰੀ ਸੈਲਸੀਅਸ ਦੇ ਵਿਚਕਾਰ ਤਾਪਮਾਨ ਦਰਜ ਕੀਤਾ ਗਿਆ। ਬਠਿੰਡਾ (ਹਵਾਈ ਅੱਡਾ) 44.0 ਡਿਗਰੀ ਸੈਲਸੀਅਸ ਤਾਪਮਾਨ ਦੇ ਨਾਲ ਸਭ ਤੋਂ ਗਰਮ ਜ਼ਿਲ੍ਹਾ ਰਿਹਾ। ਫਰੀਦਕੋਟ 42.0 ਡਿਗਰੀ ਸੈਲਸੀਅਸ, ਪਟਿਆਲਾ 41.6 ਡਿਗਰੀ ਸੈਲਸੀਅਸ, ਭਾਖੜਾ ਡੈਮ (ਰੂਪਨਗਰ) 41.1 ਡਿਗਰੀ ਸੈਲਸੀਅਸ, ਲੁਧਿਆਣਾ 40.6 ਡਿਗਰੀ ਸੈਲਸੀਅਸ, ਗੁਰ–ਦਾਸਪੁਰ 40.5 ਡਿਗਰੀ ਸੈਲਸੀਅਸ, ਫਿਰੋਜ਼ਪੁਰ 40.2 ਡਿਗਰੀ ਸੈਲਸੀਅਸ, ਫਾਜ਼ਿਲਕਾ 40.2 ਡਿਗਰੀ ਸੈਲਸੀਅਸ, ਅੰਮ੍ਰਿਤਸਰ 40.1 ਡਿਗਰੀ ਸੈਲਸੀਅਸ, ਚੰਡੀਗੜ੍ਹ (ਸ਼ਹਿਰ) 40.0 ਡਿਗਰੀ ਸੈਲਸੀਅਸ, ਐਸਬੀਐਸ ਨਗਰ 39.5 ਡਿਗਰੀ ਸੈਲਸੀਅਸ ਰਿਹਾ। ਵਧਦੀ ਗਰਮੀ ਕਾਰਨ, ਪੰਜਾਬ ਵਿੱਚ ਬਿਜਲੀ ਦੀ ਖਪਤ ਕਾਫ਼ੀ ਵੱਧ ਗਈ ਹੈ। ਨਤੀਜੇ ਵਜੋਂ, ਬਿਜਲੀ ਵਿਭਾਗ ਮੁਰੰਮਤ ਲਈ ਸ਼ੱਟਡਾਊਨ ਲਾਗੂ ਕਰ ਰਿਹਾ ਹੈ। ਸ਼ਹਿਰੀ ਅਤੇ ਪੇਂਡੂ ਦੋਵਾਂ ਖੇਤਰਾਂ ਵਿੱਚ ਦਿਨ ਭਰ ਬਿਜਲੀ ਬੰਦ ਰਹਿੰਦੀ ਹੈ, ਜਿਸ ਕਾਰਨ ਕਾਫ਼ੀ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਮੌਸਮ ਵਿਗਿਆਨ ਕੇਂਦਰ, ਚੰਡੀਗੜ੍ਹ ਦੇ ਡਾਇਰੈਕਟਰ ਸੁਰੇਂਦਰ ਪਾਲ ਦੇ ਅਨੁਸਾਰ, ਅੱਜ ਅਤੇ ਭਲਕੇ ਸੂਬੇ ਦੇ ਕੁਝ ਇਲਾਕਿਆਂ ਵਿੱਚ ਲੂ ਦੀ ਸੰਭਾਵਨਾ ਹੈ। 25 ਅਤੇ 29 ਤਰੀਕ ਦੇ ਵਿਚਕਾਰ ਕੁਝ ਥਾਵਾਂ 'ਤੇ ਹਲਕੀ ਬਾਰਿਸ਼ ਹੋਣ ਦੀ ਸੰਭਾਵਨਾ ਹੈ।

ਅਗਲੇ ਚਾਰ ਦਿਨਾਂ ਵਿੱਚ, ਵੱਧ ਤੋਂ ਵੱਧ ਤਾਪਮਾਨ ਹੌਲੀ-ਹੌਲੀ 2–3 ਡਿਗਰੀ ਵਧੇਗਾ, ਜਿਸ ਤੋਂ ਬਾਅਦ ਲਗਭਗ 2 ਡਿਗਰੀ ਦੀ ਗਿਰਾਵਟ ਆਵੇਗੀ। 26, 27 ਅਤੇ 28 ਤਰੀਕ ਨੂੰ, ਦੂਰ-ਦੁਰਾਡੇ ਇਲਾਕਿਆਂ ਵਿੱਚ 30–40 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਗਰਜ ਅਤੇ ਤੇਜ਼ ਹਵਾਵਾਂ ਚੱਲ ਸਕਦੀਆਂ ਹਨ।

Samaj Weekly
ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਸ਼ਿਮਲਾ ਦੇ ਢਲੀ ਵਿਖੇ 8.040 ਗ੍ਰਾਮ ਹੈਰੋਇਨ ਸਮੇਤ ਪੰਜਾਬ ਦਾ ਨੌਜਵਾਨ ਗ੍ਰਿਫ਼ਤਾਰ



ਸ਼ਿਮਲਾ: ਮੁਕੱਦਮਾ ਨੰਬਰ 32/2026, ਮਿਤੀ 23.04.2026 ਦੇ ਤਹਿਤ ਥਾਣਾ ਢਲੀ, ਜ਼ਿਲ੍ਹਾ ਸ਼ਿਮਲਾ (ਹਿ.ਪ੍ਰ.) ਵਿੱਚ ਧਾਰਾ 21 ਐਨ.ਡੀ.ਪੀ.ਐਸ. ਐਕਟ ਦੇ ਅਧੀਨ ਨਸ਼ਾ ਤਸਕਰੀ ਵਿਰੁੱਧ ਪੁਲਿਸ ਨੇ ਇੱਕ ਹੋਰ ਅਹਿਮ ਕਾਰਵਾਈ ਕੀਤੀ ਹੈ। ਜ਼ਿਲ੍ਹਾ ਸ਼ਿਮਲਾ ਪੁਲਿਸ ਵੱਲੋਂ ਨਸ਼ਿਆਂ ਦੇ ਨਜਾਇਜ਼ ਕਾਰੋਬਾਰ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਇਹ ਸਫ਼ਲਤਾ ਹਾਸਲ ਹੋਈ ਹੈ। ਜਾਣਕਾਰੀ ਅਨੁਸਾਰ 23 ਅਪ੍ਰੈਲ 2026 ਨੂੰ ਥਾਣਾ ਢਲੀ ਪੁਲਿਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਢਲੀ ਚੌਕ ਸਥਿਤ ਇੱਕ ਗੈਸਟ ਹਾਊਸ ਦੇ ਕਮਰੇ ਵਿੱਚ ਆਜ਼ਾਦ ਗਵਾਹਾਂ ਦੀ ਮੌਜੂਦਗੀ ਵਿੱਚ ਛਾਪੇਮਾਰੀ ਕੀਤੀ। ਤਲਾਸ਼ੀ ਦੌਰਾਨ ਮੁਲਜ਼ਮ ਵਿਸ਼ਾਲ ਰਾਣਾ (19 ਸਾਲ), ਪੁੱਤਰ ਸ਼ੇਰ ਸਿੰਘ ਰਾਣਾ, ਨਿਵਾਸੀ ਇੱਛੇਵਾਲਾ ਰੋਡ, ਫਿਰੋਜ਼ਪੁਰ ਸਿਟੀ, ਜ਼ਿਲ੍ਹਾ ਫਿਰੋਜ਼ਪੁਰ (ਪੰਜਾਬ) ਦੇ ਕਬਜ਼ੇ ਵਿੱਚੋਂ 8.040 ਗ੍ਰਾਮ ਹੈਰੋਇਨ/ਚਿੱਟਾ ਬਰਾਮਦ ਹੋਇਆ। ਬਰਾਮਦਗੀ ਦੇ ਆਧਾਰ 'ਤੇ ਮੁਲਜ਼ਮ ਖ਼ਿਲਾਫ਼ ਥਾਣਾ ਢਲੀ ਵਿਖੇ ਮੁਕੱਦਮਾ ਨੰਬਰ 32/2026 ਦਰਜ ਕਰਕੇ ਉਸ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੁਲਿਸ ਅਨੁਸਾਰ ਮਾਮਲੇ ਦੀ ਅਗਲੇਰੀ ਜਾਂਚ ਹਰ ਪਹਿਲੂ ਤੋਂ ਕੀਤੀ ਜਾ ਰਹੀ ਹੈ ਅਤੇ ਨਸ਼ਾ ਤਸਕਰੀ ਨਾਲ ਜੁੜੇ ਨੈੱਟਵਰਕ ਦੀਆਂ ਕੜੀਆਂ ਨੂੰ ਫਰੋਲਿਆ ਜਾ ਰਿਹਾ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## ਅਣਪਛਾਤੇ ਹਮਲਾਵਰਾਂ ਵੱਲੋਂ ਘਰ ਅੰਦਰ ਦਾਖਲ ਹੋ ਕੇ ਕਾਂਗਰਸੀ ਆਗੂ ਦੇ ਪੁੱਤਰ ਦਾ ਗੋਲੀਆਂ ਮਾਰ ਕੇ ਕਤਲ




**ਜਾਂਜਗੀਰ।** ਛੱਤੀਸਗੜ੍ਹ ਦੇ ਜੰਜਗੀਰ-ਚੰਪਾ ਜ਼ਿਲ੍ਹੇ ਵਿੱਚ ਤਿੰਨ ਅਣਪਛਾਤੇ ਹਮਲਾਵਰਾਂ ਨੇ ਇੱਕ ਸਥਾਨਕ ਕਾਂਗਰਸੀ ਨੇਤਾ ਦੇ ਘਰ ਵਿੱਚ ਦਾਖਲ ਹੋ ਕੇ ਗੋਲੀਬਾਰੀ ਕਰਨੀ ਸ਼ੁਰੂ ਕਰ ਦਿੱਤੀ। ਇਸ ਵਾਰਦਾਤ ਦੌਰਾਨ ਗੋਲੀ ਲੱਗਣ ਕਾਰਨ ਉਸਦੇ ਇੱਕ ਪੁੱਤਰ ਦੀ ਮੌਤ ਹੋ ਗਈ ਅਤੇ ਇੱਕ ਹੋਰ ਜ਼ਖਮੀ ਹੋ ਗਿਆ। ਪੁਲੀਸ ਅਧਿਕਾਰੀਆਂ ਨੇ ਅੱਜ ਇਸ ਘਟਨਾ ਦੀ ਜਾਣਕਾਰੀ ਦਿੱਤੀ। ਪੁਲੀਸ ਨੇ ਦੱਸਿਆ ਕਿ ਇਹ ਘਟਨਾ ਬਿਰਾ ਪੁਲੀਸ ਸਟੇਸ਼ਨ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਕਰਾਹੀ ਪਿੰਡ ਵਿੱਚ ਬੀਤੀ ਰਾਤ 12:30 ਵਜੇ ਦੇ ਕਰੀਬ ਵਾਪਰੀ।ਜੰਜਗੀਰ-ਚੰਪਾ ਦੇ ਵਧੀਕ ਪੁਲੀਸ ਸੁਪਰਡੈਂਟ ਉਮੇਸ਼ ਕਸ਼ਯਪ ਨੇ ਦੱਸਿਆ ਕਿ ਸ਼ੁਰੂਆਤੀ ਜਾਣਕਾਰੀ ਅਨੁਸਾਰ, ਤਿੰਨ ਨਕਾਬਪੋਸ਼ ਹਮਲਾਵਰ ਮੋਟਰਸਾਈਕਲ ਤੇ ਸਵਾਰ ਹੋ ਕੇ ਆਏ ਅਤੇ ਸੰਮੇਲਾਲ ਕਸ਼ਯਪ ਦੇ ਘਰ ਵਿੱਚ ਦਾਖਲ ਹੋਏ। ਕਸ਼ਯਪ, ਜੋ ਸੀਮਿੰਟ ਅਤੇ ਰੇਤ ਦਾ ਕਾਰੋਬਾਰ ਕਰਦਾ ਹੈ, ਕਾਂਗਰਸ ਬਲਾਕ ਯੂਨਿਟ ਦਾ ਸਾਬਕਾ ਉਪ ਪ੍ਰਧਾਨ ਹੈ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਹਮਲਾਵਰਾਂ ਨੇ ਕਸ਼ਯਪ ਦੇ ਦੋ ਪੁੱਤਰਾਂ ਤੇ ਗੋਲੀਆਂ ਚਲਾਈਆਂ, ਜਿਸ ਨਾਲ ਆਯੁਸ਼ ਕਸ਼ਯਪ (19) ਦੀ ਮੌਕੇ ਤੇ ਹੀ ਮੌਤ ਹੋ ਗਈ।

ਮ੍ਰਿਤਕ ਦੀ ਛਾਤੀ ਵਿੱਚ ਦੋ ਗੋਲੀਆਂ ਲੱਗੀਆਂ। ਉਸਦਾ ਛੋਟਾ ਭਰਾ, ਆਸ਼ੂਤੋਸ਼ (16) ਜ਼ਖਮੀ ਹੋ ਗਿਆ। ਆਸ਼ੂਤੋਸ਼ ਦੇ ਹੱਥ ਵਿੱਚ ਗੋਲੀ ਲੱਗੀ। ਉਨ੍ਹਾਂ ਕਿਹਾ ਕਿ ਜ਼ਖਮੀ ਆਸ਼ੂਤੋਸ਼ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ, ਜਿੱਥੇ ਉਸਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਅਧਿਕਾਰੀ ਨੇ ਦੱਸਿਆ ਕਿ ਘਟਨਾ ਦੀ ਸੂਚਨਾ ਮਿਲਦੇ ਹੀ ਪੁਲੀਸ ਦੀ ਇੱਕ ਟੀਮ ਮੌਕੇ ਤੇ ਪਹੁੰਚ ਗਈ। ਹਮਲਾਵਰਾਂ ਨੂੰ ਫੜਨ ਲਈ ਇੱਕ ਵਿਸ਼ਾਲ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਅਤੇ ਪੂਰੇ ਇਲਾਕੇ ਵਿੱਚ ਚੌਕੀਆਂ ਸਥਾਪਤ ਕੀਤੀਆਂ ਗਈਆਂ ਹਨ। ਨੇੜਲੇ ਜ਼ਿਲ੍ਹਿਆਂ ਅਤੇ ਸਥਾਨਕ ਪੁਲੀਸ ਸਟੇਸ਼ਨਾਂ ਨੂੰ ਵੀ ਅਲਰਟ ਕਰ ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ ਫੋਰੈਂਸਿਕ ਅਤੇ ਸਾਈਬਰ ਟੀਮਾਂ ਵੀ ਜਾਂਚ ਵਿੱਚ ਸ਼ਾਮਲ ਹੋਈਆਂ ਹਨ ਅਤੇ ਨੇੜਲੇ ਇਲਾਕਿਆਂ ਦੇ ਸੀਸੀਟੀਵੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ। ਹਮਲੇ ਦਾ ਮਕਸਦ ਅਜੇ ਸਪੱਸ਼ਟ ਨਹੀਂ ਹੈ। ਪੁਲੀਸ ਸਾਰੇ ਸੰਭਾਵਿਤ ਪਹਿਲੂਆਂ ਦੀ ਜਾਂਚ ਕਰ ਰਹੀ ਹੈ। ਹਮਲੇ ਵਿੱਚ ਜ਼ਖਮੀ ਹੋਏ ਆਸ਼ੂਤੋਸ਼ ਨੇ ਕਿਹਾ ਕਿ ਉਹ ਬੀਤੀ ਰਾਤ 10 ਵਜੇ ਦੇ ਕਰੀਬ ਖਾਣਾ ਖਾਣ ਤੋਂ ਬਾਅਦ ਸੌਂ ਗਿਆ ਸੀ, ਜਦੋਂ ਕਿ ਉਸਦਾ ਵੱਡਾ ਭਰਾ ਅੱਧੀ ਰਾਤ ਦੇ ਕਰੀਬ ਜਾਂਜਗੀਰ ਤੋਂ ਘਰ ਵਾਪਸ ਆਇਆ। ਉਨ੍ਹਾਂ ਦੱਸਿਆ ਕਿ ਰਾਤ ਦੇ ਲਗਭਗ 12:34 ਵਜੇ ਮੇਰੀ ਮਾਂ ਨੇ ਕੁਝ ਆਵਾਜ਼ ਸੁਣ ਕੇ ਮੈਨੂੰ ਫ਼ੋਨ ਕੀਤਾ। ਇਸ ਦੌਰਾਨ ਜਦੋਂ ਮੈਂ ਉੱਠਿਆ ਤਾਂ ਮੈਂ ਕਮਰੇ ਵਿੱਚ ਤਿੰਨ ਹਥਿਆਰਬੰਦ ਆਦਮੀ ਵੇਖੇ, ਜਿਨ੍ਹਾਂ ਨੇ ਮੇਰੇ ਤੇ ਗੋਲੀਆਂ ਚਲਾਈਆਂ। ਮੇਰੇ ਹੱਥ ਵਿੱਚ ਗੋਲੀ ਲੱਗੀ। ਫਿਰ ਉਨ੍ਹਾਂ ਨੇ ਮੇਰੇ ਭਰਾ ਨੂੰ ਗੋਲੀ ਮਾਰ ਦਿੱਤੀ। ਜਦੋਂ ਮੇਰੀ ਭੈਣ ਨੇ ਮੇਰੇ ਭਰਾ ਦੀ ਮਦਦ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਹਮਲਾਵਰਾਂ ਨੇ ਸਾਡੇ ਵੱਲ ਆਪਣੀਆਂ ਬੰਦੂਕਾਂ ਤਾਣ ਲਈਆਂ ਅਤੇ ਪੈਸੇ ਅਤੇ ਇੱਕ ਮੋਬਾਈਲ ਫ਼ੋਨ ਦੀ ਮੰਗ ਕੀਤੀ। ਮੈਂ ਉਨ੍ਹਾਂ ਨੂੰ ਮੇਰੇ ਕੋਲ ਜੋ ਵੀ ਨਕਦੀ ਸੀ - ਲਗਭਗ 50-60 ਰੁਪਏ ਅਤੇ ਮੇਰੀ ਭੈਣ ਦਾ ਫ਼ੋਨ ਦੇ ਦਿੱਤਾ। ਉਸਨੇ ਕਿਹਾ ਕਿ ਹਮਲਾਵਰਾਂ ਨੇ ਭੱਜਣ ਤੋਂ ਪਹਿਲਾਂ ਕਥਿਤ ਤੌਰ ਤੇ ਕਮਰਿਆਂ ਨੂੰ ਬਾਹਰੋਂ ਬੰਦ ਕਰ ਦਿੱਤਾ ਸੀ। ਆਸ਼ੂਤੋਸ਼ ਨੇ ਕਿਹਾ ਕਿ ਬਾਅਦ ਵਿੱਚ ਮੈਂ ਆਪਣੇ ਚਚੇਰੇ ਭਰਾਵਾਂ ਨੂੰ ਬੁਲਾਇਆ, ਜਿਨ੍ਹਾਂ ਨੇ ਆ ਕੇ ਦਰਵਾਜ਼ਾ ਖੋਲ੍ਹਿਆ। ਉਸਨੂੰ ਸ਼ੱਕ ਸੀ ਕਿ ਹਮਲੇ ਦਾ ਉਦੇਸ਼ ਲੁੱਟ-ਖੋਹ ਸੀ। ਹਮਲਾਵਰ ਸਿਰਫ ਥੋੜ੍ਹੀ ਜਿਹੀ ਨਕਦੀ ਲੈ ਗਏ ਸਨ।

# ਕੇਂਦਰ ਵੱਲੋਂ ਵੈਬ ਸੀਰੀਜ਼ ਲਾਰੈਂਸ ਆਫ ਪੰਜਾਬ ਰਿਲੀਜ਼ ਕਰਨ ਤੇ ਰੋਕ

**ਚੰਡੀਗੜ੍ਹ।** ਕੇਂਦਰ ਸਰਕਾਰ ਨੇ ਲਾਰੈਂਸ ਆਫ ਪੰਜਾਬ ਵੈਬ ਸੀਰੀਜ਼ ਤੇ ਰੋਕ ਲਗਾ ਦਿੱਤੀ ਹੈ। ਇਸ ਦੀ ਗੱਲ ਦੀ ਜਾਣਕਾਰੀ ਅੱਜ ਕੇਂਦਰੀ ਸੂਚਨਾ ਮੰਤਰਾਲੇ ਨੇ ਪੰਜਾਬ-ਹਰਿਆਣਾ ਹਾਈਕੋਰਟ ਵਿੱਚ ਸਾਂਝੀ ਕੀਤੀ ਹੈ। ਜਿਕਰਯੋਗ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਜੀਵਨ ਤੇ ਆਧਾਰਿਤ ਇਸ ਸੀਰੀਜ਼ ਦੀ ਰਿਲੀਜ਼ ਤੇ ਰੋਕ ਲਗਾਉਣ ਦੀ ਮੰਗ ਨੂੰ ਲੈ ਕੇ ਹਾਈ ਕੋਰਟ ਵਿੱਚ ਇੱਕ ਜਨਹਿਤ ਪਟੀਸ਼ਨ ਦਾਖਲ ਕੀਤੀ ਸੀ। ਪਟੀਸ਼ਨ ਤੇ ਸੁਣਵਾਈ ਦੌਰਾਨ ਕੇਂਦਰ ਸਰਕਾਰ ਨੇ ਲਾਰੈਂਸ ਆਫ ਪੰਜਾਬ ਤੇ ਪਾਬੰਦੀ ਵਾਲਾ ਪੱਤਰ ਸਾਂਝਾ ਕੀਤਾ ਹੈ। ਜਿਕਰਯੋਗ ਹੈ ਕਿ ਬੀਤੇ ਦਿਨ ਪੰਜਾਬ ਪੁਲੀਸ ਨੇ ਵੀ ਕੇਂਦਰ ਸਰਕਾਰ ਨੂੰ ਪੱਤਰ ਲਿਖ ਕੇ ਇਸ ਵੈਬ ਸੀਰੀਜ਼ ਉੱਤੇ ਰੋਕ ਲਗਾਏ ਜਾਣ ਦੀ ਮੰਗ ਕੀਤੀ ਸੀ।




ਸਾਈਬਰ ਕ੍ਰਾਈਮ ਦੇ ਸਪੈਸ਼ਲ ਡੀ ਜੀ ਪੀ ਨੇ ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਨੂੰ ਚਿੱਠੀ ਲਿਖ ਕੇ ਕਿਹਾ ਸੀ ਕਿ ਇਸ ਵੈਬ ਸੀਰੀਜ਼ ਵਿੱਚ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਜ਼ਿੰਦਗੀ ਅਤੇ ਸਿੱਧੂ ਮੂਸੇਵਾਲਾ ਦੇ ਕਤਲ ਵਰਗੀਆਂ ਅਪਰਾਧਿਕ ਵਾਰਦਾਤਾਂ ਨੂੰ ਦਿਖਾਇਆ ਜਾਣਾ ਹੈ। ਇਸ ਸੀਰੀਜ਼ ਵਿੱਚ ਇਹ ਵੀ ਦਿਖਾਇਆ ਜਾਵੇਗਾ ਕਿ ਕਿਵੇਂ ਉਹ (ਲਾਰੈਂਸ) ਇੱਕ ਵਿਦਿਆਰਥੀ ਆਗੂ ਤੋਂ ਅਪਰਾਧ ਦੀ ਦੁਨੀਆ ਦੇ ਸਿਖਰ ਤੱਕ ਪਹੁੰਚਿਆ। ਪੱਤਰ ਵਿੱਚ ਕਿਹਾ ਗਿਆ ਸੀ ਕਿ ਇਸ ਵੈਬ ਸੀਰੀਜ਼ ਨੂੰ ਲੈ ਕੇ ਸਮਾਜ ਦੇ ਵੱਖ-ਵੱਖ ਵਰਗਾਂ ਵਿੱਚ ਤਿੱਖਾ ਪ੍ਰਤੀਕਰਮ ਹੈ ਅਤੇ ਵੈਬ ਸੀਰੀਜ਼ ਵਿੱਚ ਅਪਰਾਧ ਨੂੰ ਵਡਿਆਇਆ ਗਿਆ ਹੈ, ਜਿਸ ਦਾ ਨੌਜਵਾਨਾਂ ਤੇ ਮਾੜਾ ਅਸਰ ਪਵੇਗਾ। ਇਸ ਦੌਰਾਨ ਪਾਰਟੀ ਦਫ਼ਤਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਜਾ ਵੜਿੰਗ ਨੇ ਕਿਹਾ ਕਿ ‘ਉੜਤਾ ਪੰਜਾਬ’ ਤੋਂ ਬਾਅਦ, ਪੰਜਾਬ ਨੂੰ ਹੁਣ ‘ਗੈਂਗਸਟਰਲੈਂਡ’ ਦਾ ਲੇਬਲ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹਨਾਂ ਅਤੇ ਕਾਂਗਰਸ ਪਾਰਟੀ ਦਾ ਟੀਚਾ ਪੰਜਾਬ ਨੂੰ ਗੈਂਗਸਟਰ ਮੁਕਤ ਬਣਾਉਣਾ ਹੈ। ਅੱਜ, ਮਾਪੇ ਆਪਣੇ ਬੱਚਿਆਂ ਦੇ ਘਰ ਛੱਡਣ ਬਾਰੇ ਚਿੰਤਤ ਹਨ ਅਤੇ ਕੀ ਉਹ ਵਾਪਸ ਆਉਣਗੇ।

ਉਹਨਾਂ ਕਿਹਾ ਕਿ ਉਨ੍ਹਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਵਿਰੁੱਧ ਸ਼ਿਕਾਇਤ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਦੌਰਾਨ ਗੈਂਗਸਟਰਾਂ ਨੂੰ ਹੁਲਾਰਾ ਮਿਲਿਆ। ਵੜਿੰਗ ਨੇ ਕਿਹਾ ਕਿ ਭਵਿੱਖ ਵਿੱਚ, ਉਹ ਇਹ ਵੀ ਖੁਲਾਸਾ ਕਰਨਗੇ ਕਿ ਲਾਰੈਂਸ ਦਾ ਪੁਲੀਸ ਹਿਰਾਸਤ ਵਿੱਚ ਇੰਟਰਵਿਊ ਕਿਸ ਦੇ ਹੁਕਮਾਂ ਤੇ ਕੀਤਾ ਗਿਆ ਸੀ ਅਤੇ ਉਸਨੂੰ ਭਗਵਾਨ ਹਨੂੰਮਾਨ ਦੇ ਭਗਤ ਵਜੋਂ ਕਿਵੇਂ ਦਰਸਾਇਆ ਗਿਆ ਸੀ। ਵੜਿੰਗ ਨੇ ਕਿਹਾ ਕਿ ਉਹ ਨਹੀਂ ਜਾਣਦੇ ਕਿ ਇਹ ਵੈਬ ਸੀਰੀਜ਼ ਕਿਸ ਦੇ ਹੁਕਮਾਂ ਤੇ ਬਣਾਈ ਗਈ ਸੀ, ਪਰ ਇਹ ਸਭ ਜਾਣਦੇ ਸਨ ਕਿ ਜਿਸ ਚੈਨਲ ਤੇ ਇਹ ਦਿਖਾਈ ਜਾਣੀ ਸੀ, ਉਹ ਇੱਕ ਭਾਜਪਾ ਰਾਜ ਸਭਾ ਮੈਂਬਰ ਦਾ ਹੈ।



# ਅੰਬੇਡਕਰ ਭਵਨ ਟਰੱਸਟ ਦੀ ਮੀਟਿੰਗ ਵਿਚ ਲਏ ਗਏ ਅਹਿਮ ਫੈਸਲੇ

**ਜਲੰਧਰ (ਸਮਾਜ ਵੀਕਲੀ)**: ਅੰਬੇਡਕਰ ਭਵਨ ਟਰੱਸਟ (ਰਜਿ.) ਦੀ ਸਬ-ਕਮੇਟੀ ਦੀ ਮੀਟਿੰਗ ਬਾਬਾ ਸਾਹਿਬ ਡਾ. ਅੰਬੇਡਕਰ ਦੀ ਚਰਨ-ਛੋਹ ਭੂਮੀ, ਇਤਿਹਾਸਿਕ ਸਥਾਨ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ ਟਰੱਸਟ ਦੇ ਚੇਅਰਮੈਨ ਡਾ. ਰਾਹੁਲ ਜੱਸੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਅੰਬੇਡਕਰ ਭਵਨ ਦੇ ਨਵ ਨਿਰਮਾਣ ਅਤੇ ਹੋਰ ਕਈ ਸਮਾਜਿਕ ਮੁੱਦਿਆਂ ‘ਤੇ ਚਰਚਾ ਕੀਤੀ ਗਈ। ਇਹ ਵੀ ਫੈਸਲਾ ਕੀਤਾ ਗਿਆ ਕਿ ਰਿਪਬਲਿਕਨ ਪਾਰਟੀ ਆਫ਼ ਇੰਡੀਆ (ਆਰ .ਪੀ.ਆਈ) ਦੇ 1964 ਦੇ ਸਰਬ-ਭਾਰਤ ਮੋਰਚੇ ਵਿੱਚ ਸ਼ਹੀਦ ਹੋਏ ਆਬਾਦਪੁਰਾ (ਜਲੰਧਰ) ਦੇ ਅੰਬੇਡਕਰੀ ਸਾਥੀ ਰਾਮ ਪ੍ਰਕਾਸ਼ ਦੀ ਯਾਦ ਵਿੱਚ ਅੰਬੇਡਕਰ ਭਵਨ ਵਿਖੇ ਨਵੀਂ ਬਣਾਈ ਗਈ 'ਸ਼ਹੀਦ ਰਾਮ ਪ੍ਰਕਾਸ਼ ਯਾਦਗਾਰ - ਅੰਬੇਡਕਰ ਲਾਇਬਰੇਰੀ' ਨੂੰ ਜਲਦ ਹੀ ਚਾਲੂ ਕੀਤਾ ਜਾਵੇਗਾ। ਇਸ ਮੌਕੇ ਡਾ. ਜੀ. ਸੀ. ਕੌਲ, ਬਲਦੇਵ ਭਾਰਦਵਾਜ, ਡਾ. ਮਹਿੰਦਰ ਸੰਧੂ ਅਤੇ ਚਰਨ ਦਾਸ ਸੰਧੂ ਹਾਜ਼ਰ ਸਨ । ਮੀਟਿੰਗ ਵਿੱਚ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਪ੍ਰਧਾਨ ਪ੍ਰੋਫ਼ੈਸਰ ਬਲਬੀਰ ਜੀ ਅਤੇ ਸੁਸਾਇਟੀ ਦੇ ਐਸੋਸੀਏਟ ਮੈਂਬਰ ਸਾਬਕਾ ਪ੍ਰਿੰਸੀਪਲ ਡਾ. ਕੇ. ਐਸ. ਫੁੱਲ ਵਿਸ਼ੇਸ਼ ਤੌਰ ‘ਤੇ ਹਾਜ਼ਰ ਹੋਏ। ਇਹ ਜਾਣਕਾਰੀ ਅੰਬੇਡਕਰ ਭਵਨ ਟਰੱਸਟ ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਰਾਹੀਂ ਦਿੱਤੀ।


ਟਰੱਸਟ ਦੇ ਚੇਅਰਮੈਨ ਡਾ. ਰਾਹੁਲ ਜੱਸੀ ਅਤੇ ਟਰੱਸਟੀ ਸਾਹਿਬਾਨ ਮੀਡੀਆ ਨੂੰ ਜਾਣਕਾਰੀ ਪ੍ਰਦਾਨ ਕਰਦੇ ਹੋਏ।

**ਬਲਦੇਵ ਰਾਜ ਭਾਰਦਵਾਜ**
**ਵਿੱਤ ਸਕੱਤਰ**
**ਅੰਬੇਡਕਰ ਭਵਨ ਟਰੱਸਟ (ਰਜਿ.)**

# ਮਜ਼ਦੂਰਾਂ ਅਤੇ ਕਰਮਚਾਰੀਆਂ ਦੇ ਦਮਨ ਦੀ ਨੀਤੀ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ

## ਝੂਠੇ ਮੁਕੱਦਮਿਆਂ ਨਾਲ ਨਹੀਂ ਰੁਕੇਗਾ ਪੁਰਾਣੀ ਪੈਨਸ਼ਨ ਬਹਾਲੀ ਦਾ ਅੰਦੋਲਨ: –ਆਈ ਆਰ ਈ ਐੱਫ

**ਕਪੂਰਥਲਾ, 24 ਅਪ੍ਰੈਲ (ਕੌੜਾ )**– ਇੰਡੀਅਨ ਰੇਲਵੇ ਇੰਪਲਾਈਜ਼ ਫੈਡਰੇਸ਼ਨ ਅਤੇ ਆਰ.ਸੀ.ਐਫ. ਇੰਪਲਾਈਜ਼ ਯੂਨੀਅਨ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਅਤੇ ਦਮਨਕਾਰੀ ਵਤੀਰੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਜ਼ਿਕਰਯੋਗ ਹੈ ਕਿ 25 ਨਵੰਬਰ 2025 ਨੂੰ ਜੰਤਰ-ਮੰਤਰ, ਨਵੀਂ ਦਿੱਲੀ ਵਿਖੇ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਇੱਕ ਇਤਿਹਾਸਕ ਅਤੇ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ। ਇਸ ਪ੍ਰਦਰਸ਼ਨ ਵਿੱਚ ਦੇਸ਼ ਭਰ ਤੋਂ ਉਮੜੇ ਕਰਮਚਾਰੀਆਂ ਦੇ ਜਨ ਸੈਲਾਬ ਅਤੇ ਉਨ੍ਹਾਂ ਦੇ ਬੁਲੰਦ ਹੌਸਲਿਆਂ ਤੋਂ ਘਬਰਾ ਕੇ ਪ੍ਰਸ਼ਾਸਨ ਨੇ ਲੋਕਤੰਤਰੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ। ਇਸੇ ਬੌਖਲਾਹਟ ਦੇ ਨਤੀਜੇ ਵਜੋਂ ਇਰੇਫ ਦੇ ਜਨਰਲ ਸਕੱਤਰ ਸਰਵਜੀਤ ਸਿੰਘ, ਨਾਰਦਰਨ ਰੇਲਵੇ ਇੰਪਲਾਈਜ਼ ਯੂਨੀਅਨ ਦੇ ਜ਼ੋਨਲ ਅਹੁਦੇਦਾਰ ਰੂਪੇਸ਼ ਕੁਮਾਰ, ਨੈਸ਼ਨਲ ਮੂਵਮੈਂਟ ਫਾਰ ਓਲਡ ਪੈਨਸ਼ਨ ਸਕੀਮ ਦੇ ਕਾਰਜਕਾਰੀ ਪ੍ਰਧਾਨ ਸਰਦਾਰ ਸੁਖਜੀਤ ਸਿੰਘ ਅਤੇ ਹਰਿਆਣਾ ਦੇ ਸੂਬਾ ਪ੍ਰਧਾਨ ਵਿਜੇਂਦਰ ਧਾਰੀਵਾਲ ਖ਼ਿਲਾਫ਼ ਝੂਠੀ ਐਫ.ਆਈ.ਆਰ. ਦਰਜ ਕੀਤੀ ਗਈ ਸੀ, ਜਿਸ ਦੀ ਪਹਿਲੀ ਸੁਣਵਾਈ ਕੱਲ੍ਹ 24 ਅਪ੍ਰੈਲ ਨੂੰ ਪਟਿਆਲਾ ਹਾਊਸ ਕੋਰਟ ਵਿੱਚ ਹੋਈ।



ਮੌਜੂਦਾ ਸਰਕਾਰ ਦੀਆਂ ਨੀਤੀਆਂ ਲਗਾਤਾਰ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਅਤੇ ਆਮ ਮਜ਼ਦੂਰਾਂ ਤੇ ਕਰਮਚਾਰੀਆਂ ਦੇ ਭਵਿੱਖ ਨੂੰ ਹਨੇਰੇ ਵਿੱਚ ਧੱਕਣ ਵਾਲੀਆਂ ਰਹੀਆਂ ਹਨ। ਰੇਲਵੇ ਵਰਗੇ ਮਹੱਤਵਪੂਰਨ ਰਾਸ਼ਟਰੀ ਅਦਾਰੇ ਵਿੱਚ ਅੰਨ੍ਹੇਵਾਹ ਕੀਤਾ ਜਾ ਰਿਹਾ ਨਿੱਜੀਕਰਨ, ਆਊਟਸੋਰਸਿੰਗ ਨੂੰ ਉਤਸ਼ਾਹਿਤ ਕਰਨਾ ਅਤੇ ਨਵੀਆਂ ਭਰਤੀਆਂ 'ਤੇ ਅਣਮਿੱਥੇ ਸਮੇਂ ਲਈ ਲਾਈ ਰੋਕ ਇਸ ਗੱਲ ਦਾ ਸਬੂਤ ਹੈ ਕਿ ਸਰਕਾਰ ਨੌਜਵਾਨਾਂ ਦੇ ਰੁਜ਼ਗਾਰ ਅਤੇ ਕਰਮਚਾਰੀਆਂ ਦੀ ਸਮਾਜਿਕ ਸੁਰੱਖਿਆ ਪ੍ਰਤੀ ਗੰਭੀਰ ਨਹੀਂ ਹੈ। ਪੁਰਾਣੀ ਪੈਨਸ਼ਨ ਦਾ ਹੱਕ ਖੋਹ ਕੇ ਸਰਕਾਰ ਨੇ ਬੁਢਾਪੇ ਦਾ ਸਹਾਰਾ ਖ਼ਤਮ ਕਰ ਦਿੱਤਾ ਹੈ ਅਤੇ ਹੁਣ ਚਾਰ ਨਵੇਂ ਲੇਬਰ ਕੋਡ ਲਾਗੂ ਕਰਕੇ ਮਜ਼ਦੂਰਾਂ ਨੂੰ ਬੰਧੂਆ ਬਣਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਨ੍ਹਾਂ ਨੀਤੀਆਂ ਵਿਰੁੱਧ ਜਦੋਂ ਵੀ ਕੋਈ ਜਥੇਬੰਦੀ ਆਵਾਜ਼ ਉਠਾਉਂਦੀ ਹੈ, ਤਾਂ ਉਸ ਨੂੰ ਮੁਕੱਦਮਿਆਂ ਅਤੇ ਪੁਲਿਸ ਕਾਰਵਾਈ ਰਾਹੀਂ ਡਰਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਪਰ ਕਰਮਚਾਰੀ ਲੀਡਰਸ਼ਿਪ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਇਸ ਦਮਨ ਤੋਂ ਪਿੱਛੇ ਹਟਣ ਵਾਲੇ ਨਹੀਂ ਹਨ।

ਕੱਲ੍ਹ ਅਦਾਲਤੀ ਕਾਰਵਾਈ ਦੌਰਾਨ ਕਰਮਚਾਰੀਆਂ ਦੀ ਇਕਜੁੱਟਤਾ ਅਤੇ ਵੱਖ-ਵੱਖ ਜਥੇਬੰਦੀਆਂ ਦਾ ਆਪਸੀ ਸਹਿਯੋਗ ਦੇਖਣ ਨੂੰ ਮਿਲਿਆ। ਵਿਸ਼ੇਸ਼ ਤੌਰ 'ਤੇ ਆਲ ਇੰਡੀਆ ਸੈਂਟਰਲ ਕੌਂਸਲ ਆਫ ਟਰੇਡ ਯੂਨੀਅਨਜ਼ (AICCTU) ਨੇ ਇਸ ਸੰਘਰਸ਼ ਵਿੱਚ ਵੱਡਾ ਦਿਲ ਦਿਖਾਉਂਦੇ ਹੋਏ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਦਾਨ ਕੀਤੀ। AIC-CTU ਵੱਲੋਂ ਉਪਲਬਧ ਕਰਵਾਏ ਗਏ ਵਕੀਲਾਂ ਨੇ ਬਿਨਾਂ ਕਿਸੇ ਆਰਥਿਕ ਸਹਿਯੋਗ ਜਾਂ ਖਰਚੇ ਦੇ ਕਰਮਚਾਰੀ ਆਗੂਆਂ ਦਾ ਪੱਖ ਮਜ਼ਬੂਤੀ ਨਾਲ ਰੱਖਿਆ, ਜਿਸ ਲਈ IREF ਅਤੇ ਸਮੁੱਚੀਆਂ ਕਰਮਚਾਰੀ ਜਥੇਬੰਦੀਆਂ ਉਨ੍ਹਾਂ ਦੀਆਂ ਤਹਿ ਦਿਲੋਂ ਸ਼ੁਕਰਗੁਜ਼ਾਰ ਹਨ। ਇਹ ਇਕਜੁੱਟਤਾ ਇਸ ਗੱਲ ਦਾ ਸੁਨੇਹਾ ਹੈ ਕਿ ਜਦੋਂ ਸਰਕਾਰ ਦਮਨ 'ਤੇ ਉਤਰਦੀ ਹੈ, ਤਾਂ ਦੇਸ਼ ਦੇ ਤਮਾਮ ਸੰਘਰਸ਼ਸ਼ੀਲ ਸਾਥੀ ਇੱਕ ਮੰਚ 'ਤੇ ਆ ਕੇ ਸੱਚਾਈ ਅਤੇ ਹੱਕ ਦੀ ਲੜਾਈ ਨੂੰ ਹੋਰ ਮਜ਼ਬੂਤੀ ਦਿੰਦੇ ਹਨ। ਕਰਮਚਾਰੀਆਂ ਦਾ ਮੰਨਣਾ ਹੈ ਕਿ ਇਮਾਨਦਾਰੀ ਨਾਲ ਲੜਨ ਵਾਲੇ ਲੋਕ ਨਾ ਤਾਂ ਝੁਕਦੇ ਹਨ ਅਤੇ ਨਾ ਹੀ ਥੱਕਦੇ ਹਨ।ਇੰਡੀਅਨ ਰੇਲਵੇ ਇੰਪਲਾਈਜ਼ ਫੈਡਰੇਸ਼ਨ ਅਤੇ ਆਰ.ਸੀ.ਐਫ. ਇੰਪਲਾਈਜ਼ ਯੂਨੀਅਨ ਨੇ ਇਹ ਸੰਕਲਪ ਦੁਹਰਾਇਆ ਹੈ ਕਿ ਇਹ ਸੰਘਰਸ਼ ਸਿਰਫ਼ ਇੱਕ ਅਦਾਲਤੀ ਤਾਰੀਖ਼ ਤੱਕ ਸੀਮਤ ਨਹੀਂ ਹੈ, ਸਗੋਂ ਇਹ ਵਿਵਸਥਾ ਪਰਿਵਰਤਨ ਅਤੇ ਅਧਿਕਾਰਾਂ ਦੀ ਪ੍ਰਾਪਤੀ ਤੱਕ ਜਾਰੀ ਰਹੇਗਾ। ਸਰਕਾਰ ਚਾਹੇ ਕਿੰਨੇ ਵੀ ਕੇਸ ਦਰਜ ਕਰ ਲਵੇ, ਮਜ਼ਦੂਰਾਂ ਦੇ ਹੱਕਾਂ, ਪੁਰਾਣੀ ਪੈਨਸ਼ਨ ਦੀ ਬਹਾਲੀ, ਨਿੱਜੀਕਰਨ 'ਤੇ ਰੋਕ ਅਤੇ ਨਵੇਂ ਲੇਬਰ ਕੋਡਾਂ ਨੂੰ ਰੱਦ ਕਰਵਾਉਣ ਲਈ ਅੰਦੋਲਨ ਹੋਰ ਵੀ ਤੇਜ਼ ਕੀਤਾ ਜਾਵੇਗਾ। ਸੱਚਾਈ ਦੇ ਰਾਹ 'ਤੇ ਚੱਲਣ ਵਾਲੇ ਸਿਪਾਹੀ ਕਦੇ ਪਿੱਛੇ ਮੁੜ ਕੇ ਨਹੀਂ ਦੇਖਦੇ ਅਤੇ ਪ੍ਰਸ਼ਾਸਨ ਦੇ ਹਰ ਵਾਰ ਦਾ ਜਵਾਬ ਪੂਰੀ ਤਾਕਤ ਅਤੇ ਇਕਜੁੱਟਤਾ ਨਾਲ ਦਿੱਤਾ ਜਾਵੇਗਾ। ਜਦੋਂ ਤੱਕ ਸਰਕਾਰ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਨਹੀਂ ਮੰਨ ਲੈਂਦੀ, ਉਦੋਂ ਤੱਕ ਇਹ ਵਿਚਾਰਧਾਰਕ ਅਤੇ ਜ਼ਮੀਨੀ ਲੜਾਈ ਨਿਰੰਤਰ ਜਾਰੀ ਰਹੇਗੀ।

# ਇੱਕ ਵਿਅਕਤੀ ਨੂੰ ਨਸ਼ੇ ਦੇ ਕੈਪਸੂਲ ਅਤੇ ਗੋਲੀਆਂ ਸਮੇਤ ਕੀਤਾ ਗਿਆ ਗ੍ਰਿਫਤਾਰ

**ਜਲੰਧਰ,24 ਅਪ੍ਰੈਲ (ਚੰਦੀ)**–ਹਰਵਿੰਦਰ ਸਿੰਘ ਵਿਰਕ,ਪੀ.ਪੀ.ਐਸ,ਮਾਨਯੋਗ ਸੀਨੀਅਰ ਪੁਲਿਸ ਕਪਤਾਨ ਜਲੰਧਰ ਦਿਹਾਤੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਾੜੇ ਅਨਸਰਾਂ ਅਤੇ ਨਸ਼ਾ ਤਸਕਰਾਂ ਖਿਲਾਫ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਸਰਵਣ ਸਿੰਘ ਬੱਲ, ਪੀ.ਪੀ.ਐਸ, ਉਪ ਪੁਲਿਸ ਕਪਤਾਨ ਸਬ ਡਵੀਜਨ ਸ਼ਾਹਕੋਟ ਅਤੇ ਐਸ.ਆਈ ਲਾਭ ਸਿੰਘ ਮੁੱਖ ਅਫਸਰ ਥਾਣਾ ਮਹਿਤਪੁਰ ਦੀ ਅਗਵਾਈ ਹੇਠ ਇੱਕ ਵਿਅਕਤੀ ਨੂੰ ਨਸ਼ੇ ਸਮੇਤ ਗ੍ਰਿਫਤਾਰ ਕਰਨ ਸਫਲਤਾ ਹਾਸਲ ਕੀਤੀ ।

ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸਰਵਣ ਸਿੰਘ ਬੱਲ ਉਪ ਪੁਲਿਸ ਕਪਤਾਨ ਸਬ ਡਵੀਜਨ ਸ਼ਾਹਕੋਟ ਨੇ ਦੱਸਿਆ ਕਿ ਐਸ ਆਈ ਕਸ਼ਮੀਰ ਸਿੰਘ ਥਾਣਾ ਮਹਿਤਪੁਰ ਨੇ ਪੁਲਿਸ ਪਾਰਟੀ ਨਾਲ ਇਲਾਕਾ ਗਸ਼ਤ ਦੋਰਾਨ ਕੁਲਵਿੰਦਰ ਸਿੰਘ ਉਰਫ ਮੰਗਾ ਪੁੱਤਰ ਰਤਨ ਸਿੰਘ ਵਾਸੀ ਰਾਏਪੁਰ ਅਰਾਈਆਂ ਥਾਣਾ ਮਹਿਤਪੁਰ ਜਿਲਾ ਜਲੰਧਰ ਨੂੰ ਕਾਬੂ ਕਰਕੇ ਉਸ ਪਾਸੋ 95 ਨਸ਼ੀਲੀਆਂ ਗੋਲੀਆਂ ਰੰਗ ਚਿੱਟਾ ਅਤੇ 66 ਪਤੇ ਨਸ਼ੀਲੇ ਕੈਪਸੂਲ ਬ੍ਰਾਮਦ ਕਰਕੇ ਮੁਕੱਦਮਾ ਥਾਣਾ ਮਹਿਤਪੁਰ ਦਰਜ ਰਜਿਸਟਰ ਕੀਤਾ ਹੈ। ਗ੍ਰਿਫਤਾਰ ਦੋਸ਼ੀ ਕੁਲਵਿੰਦਰ ਸਿੰਘ ਪਾਸੋ ਬ੍ਰਾਮਦ ਕੀਤੀਆਂ ਨਸ਼ੀਲੀਆਂ ਗੋਲੀਆਂ ਅਤੇ ਕੈਪਸੂਲ ਲਿਆਉਣ ਸਬੰਧੀ ਡੂੰਘਾਈ ਨਾਲ ਪੁੱਛਗਿਛ ਜਾਰੀ ਹੈ।

The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸ਼ੇਅਰ ਬਜ਼ਾਰ ਵਿੱਚ ਉਤਰਨ ਤੋਂ ਪਹਿਲਾ ਸਿੱਖਿਆ-ਸਮਝ ਜਰੂਰੀ : ਪਰਮਜੀਤ ਸੱਚਦੇਵਾ

## ਜੀ.ਐੱਨ.ਏ.ਯੂਨੀਵਰਸਿਟੀ ਦੇ ਵਿਦਿਆਰਥੀਆਂ ਪ੍ਰਾਪਤ ਕੀਤਾ ਗਿਆਨ



**ਹੁਸ਼ਿਆਰਪੁਰ 24 ਅਪ੍ਰੈਲ ( ਤਰਸੇਮ ਦੀਵਾਨਾ )** - ਜੀ.ਐੱਨ.ਏ. ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਬੂਲਾਵਾੜੀ ਸਥਿਤ ਸੱਚਦੇਵਾ ਸਟਾਕਸ ਦੇ ਮੁੱਖ ਦਫਤਰ ਦਾ ਦੌਰਾ ਕੀਤਾ ਗਿਆ ਜਿੱਥੇ ਉਨ੍ਹਾਂ ਨੇ ਸ਼ੇਅਰ ਬਜਾਰ ਦੀਆਂ ਬਾਰੀਕੀਆਂ ਪ੍ਰਤੀ ਜਾਣਕਾਰੀ ਹਾਸਿਲ ਕੀਤੀ। ਇਸ ਮੌਕੇ ਸੱਚਦੇਵਾ ਸਟਾਕਸ ਦੇ ਸੀ.ਈ.ਓ.ਰਣਵੀਰ ਸਿੰਘ ਸੱਚਦੇਵਾ ਅਤੇ ਐੱਮ.ਡੀ. ਪਰਮਜੀਤ ਸਿੰਘ ਸੱਚਦੇਵਾ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਸਿਰਫ ਕਿਤਾਬੀ ਗਿਆਨ ਹੀ ਨਹੀਂ, ਸਗੋਂ ਆਰਥਿਕ ਸਿੱਖਿਆ ਵੀ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਬੱਚਿਆਂ ਨੂੰ ਦੱਸਿਆ ਕਿ ਸ਼ੇਅਰ ਬਾਜ਼ਾਰ ਕੀ ਹੁੰਦਾ ਹੈ, ਇਸ ਵਿੱਚ ਨਿਵੇਸ਼ ਕਿਵੇਂ ਕੀਤਾ ਜਾਂਦਾ ਹੈ ਅਤੇ ਕਿਸ ਤਰ੍ਹਾਂ ਸਹੀ ਜਾਣਕਾਰੀ ਨਾਲ ਆਪਣੀ ਆਮਦਨ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਇਹ ਵੀ ਜ਼ੋਰ ਦਿੱਤਾ ਕਿ ਬਿਨਾਂ ਜਾਣਕਾਰੀ ਦੇ ਨਿਵੇਸ਼ ਕਰਨਾ ਖਤਰਨਾਕ ਹੋ ਸਕਦਾ ਹੈ, ਇਸ ਲਈ ਸਿੱਖਿਆ ਅਤੇ ਸਮਝ ਬਹੁਤ ਜ਼ਰੂਰੀ ਹੈ। ਰਣਵੀਰ ਸੱਚਦੇਵਾ ਨੇ ਬੱਚਿਆਂ ਨੂੰ ਉਦਾਹਰਣਾਂ ਰਾਹੀਂ ਸਮਝਾਇਆ ਕਿ ਕੰਪਨੀਆਂ ਵਿੱਚ ਹਿੱਸੇਦਾਰੀ ਕਿਵੇਂ ਕੰਮ ਕਰਦੀ ਹੈ ਅਤੇ ਸ਼ੇਅਰਾਂ ਦੀ ਕੀਮਤ ਕਿਵੇਂ ਵੱਧਦੀ ਜਾਂ ਘੱਟਦੀ ਹੈ। ਉਨ੍ਹਾਂ ਨੇ ਬੱਚਿਆਂ ਨੂੰ ਬੱਚਤ ਦੀ ਆਦਤ ਪੈਦਾ ਕਰਨ ਅਤੇ ਛੋਟੀ ਉਮਰ ਤੋਂ ਹੀ ਆਰਥਿਕ ਯੋਜਨਾ ਬਣਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਜੇ ਬੱਚੇ ਛੋਟੀ ਉਮਰ ਤੋਂ ਹੀ ਵਿੱਤੀ ਸਿੱਖਿਆ ਲੈਂਦੇ ਹਨ ਤਾਂ ਉਹ ਭਵਿੱਖ ਵਿੱਚ ਵਧੀਆ ਫੈਸਲੇ ਲੈ ਸਕਦੇ ਹਨ। ਸੈਸ਼ਨ ਦੇ ਅੰਤ ਵਿੱਚ ਵਿਦਿਆਰਥੀਆਂ ਵੱਲੋਂ ਦੋਵੇਂ ਮਾਹਿਰਾਂ ਦਾ ਧੰਨਵਾਦ ਕੀਤਾ ਗਿਆ ਅਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਸਿਖਲਾਈ ਪ੍ਰੋਗਰਾਮ ਜਾਰੀ ਰੱਖਣ ਲਈ ਕਿਹਾ। ਇਸ ਮੌਕੇ ਅਸਿਸਟੈਂਟ ਪ੍ਰੋਫੈਸਰ ਰਾਜਵੀਰ ਕੌਰ, ਡਾ. ਸਮਾਰ ਵਰਮਾ ਡੀਨ ਜੀ.ਐੱਨ.ਏ.ਬਿਜਨਿਸ ਸਕੂਲ, ਸ਼ਿਵਾਂਜਲੀ ਸ਼ਰਮਾ ਐੱਚ.ਆਰ.ਹੈੱਡ ਸੱਚਦੇਵਾ ਸਟਾਕਸ ਵੀ ਹਾਜਰ ਰਹੇ। ਫੋਟੋ ਅਜਮੇਰ ਦੀਵਾਨਾ

# ਮੋਦੀ ਅਤੇ ਅਮਿਤ ਸ਼ਾਹ ਦੀ ਘੁਰੀ ਤੋਂ ਡਰਦੇ ਆਮ ਆਦਮੀ ਪਾਰਟੀ ਦੇ 7 ਰਾਜ ਸਭਾ ਮੈਂਬਰ ਭਾਜਪਾ ਵਿੱਚ ਹੋਏ ਸ਼ਾਮਲ

## ਸਿਆਸੀ ਨਿਗਾਰ ਕਾਰਨ ਸਿਆਸੀ ਪਾਰਟੀਆਂ ਵਿੱਚ ਮਚੀ ਤਰਥੱਲੀ :ਜਥੇਦਾਰ ਸੁਰਜੀਤ ਸਿੰਘ ਦੋਭਾਲੀ

**ਨਵਾਂਸ਼ਹਿਰ /ਕਾਠਗੜ੍ਹ 24 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )**ਆਮ ਆਦਮੀ ਪਾਰਟੀ ਦੇ 7ਰਾਜ ਸਭਾ ਮੈਂਬਰਾਂ ਵਲੋਂ ਆਪਣੀ ਪਾਰਟੀ ਛੱਡਕਿ ਭਾਜਪਾ ਵਿੱਚ ਸ਼ਾਮਿਲ ਹੋਣ ਤੇ ਸਿਆਸਤ ਵਿੱਚ ਨਿਗਾਰ ਨੇ ਲੋਕ ਮਨਾ ਵਿੱਚ ਤਰਥੱਲੀ ਮਚਾ ਦਿੱਤੀ ਅਤੇ ਲੋਕ ਇਹਨਾਂ ਮਤਲਬ ਪ੍ਰਸਤ ਆਗੂਆਂ ਦੇ ਇਸ ਘਿਨਾਉਣੀ ਕਾਰਵਾਈ ਨੂੰ ਬਹੁਤ ਬੁਰੀ ਸਮਝ ਰਹੇ ਹਨ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸੀਨੀਅਰ ਅਕਾਲੀ ਆਗੂ (ਪੁਨਰ ਸੁਰਜੀਤ ) ਦੇ ਜਥੇਦਾਰ ਸੁਰਜੀਤ ਸਿੰਘ ਦੋਭਾਲੀ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕੀਤਾ ਉਨ੍ਹਾਂ ਕਿਹਾ ਇਹ ਆਗੂ ਪੀ ਐਮ ਮੋਦੀ ਅਤੇ ਅਮਿਤ ਸ਼ਾਹ ਦੀ ਈ ਡੀ, ਵਿਜੀਲੈਂਸ ਅਤੇ ਪੁਲਿਸ ਕਾਰਵਾਈ ਤੋਂ ਡਰਦੇ ਹੋਏ ਤਰੁੰਤ ਮੋਦੀ ਦੀ ਝੋਲੀ ਵਿੱਚ ਡਿੱਗ ਪਏ ਹਨ। ਇਹਨਾਂ ਆਗੂਆਂ ਨੇ ਆਪਣੀ ਜਮੀਰ ਖਤਮ ਕੀਤੀ ਹੈ ਪਰ ਆਪਣੀ ਮਾਂ ਪਾਰਟੀ ਆਪ ਅਤੇ ਕਰੋੜਾਂ ਲੋਕਾਂ ਨੂੰ ਵੀ ਧੋਖਾ ਦਿੱਤਾ ਹੈ ਜਿਸ ਦਾ ਖਮਿਆਜ਼ਾ ਇਹਨਾਂ ਆਗੂਆਂ ਦੇ ਚਿਹਰਿਆਂ ਨੂੰ ਲੋਕਾਂ ਦੀ ਕਚਹਿਰੀ ਵਿੱਚ ਜਾਣ ਤੇ ਮਿਲੇਗਾ ਉਨ੍ਹਾਂ ਕਿਹਾ ਕਿ ਇਹਨਾਂ ਆਗੂਆਂ ਦੀ ਦਲਬਦਲੀ ਨਾਲ ਲੋਕਾਂ ਵਿੱਚ ਆਮ ਆਦਮੀ ਪਾਰਟੀ ਦਾ ਵੀ ਅਕਸ ਖਰਾਬ ਹੋਇਆ ਹੈ।



# ਕਾਂਗਰਸ ਹਾਈਕਮਾਂਡ ਹਲਕਾ ਬਲਾਚੌਰ ਤੋਂ ਕਿਸੇ ਟਕਸਾਲੀ ਕਾਂਗਰਸੀ ਵਰਕਰ ਨੂੰ ਐਸੀ ਸੀਟ ਦੀ ਟਿਕਟ ਦੇ ਕੇ ਚੋਣ ਲੜਾਉਣ ਤਾਂ ਕਿ ਟਕਸਾਲੀ ਕਾਂਗਰਸੀ ਵਰਕਰ ਪਾਰਟੀ ਨਾਲ ਜੁੜੇ ਰਹਿਣ :ਧਰਮਪਾਲ ਭਰਥਲਾ

**ਨਵਾਂਸ਼ਹਿਰ /ਕਾਠਗੜ੍ਹ 24 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਨੇੜੇ ਆ ਰਹੀਆਂ ਵਿਧਾਨ ਸਭਾ ਚੋਣਾਂ ਨੇ ਹਰ ਪਾਰਟੀ ਆਗੂਆਂ ਵਿੱਚ ਜੋਸ਼ ਭਰ ਦਿੱਤਾ ਹੈ। ਅਤੇ ਕਈ ਪਾਰਟੀਆਂ ਦੇ ਆਗੂਆਂ ਅਤੇ ਵਰਕਰਾਂ ਵਲੋਂ ਚੋਣਾਂ ਲੜਨ ਦੇ ਮਨ ਬਣਾਏ ਜਾ ਰਹੇ ਹਨ ਇਸ ਸਬੰਧੀ ਗੱਲਬਾਤ ਕਰਦਿਆਂ ਜਿਲ੍ਹਾਂ ਕਾਂਗਰਸ ਕਮੇਟੀ ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਦੇ ਕਾਂਗਰਸ ਦੇ ਮੀਤ ਪ੍ਰਧਾਨ ਧਰਮਪਾਲ ਭਰਥਲਾ ਸਾਬਕਾ ਚੇਅਰਮੈਨ ਬਲਾਕ ਸੰਮਤੀ ਵਲੋਂ ਵੀ ਹਲਕਾ ਬਲਾਚੌਰ ਤੋਂ ਕਾਂਗਰਸ ਪਾਰਟੀ ਐਸੀ ਸੀਟ ਲਈ ਚੋਣ ਲੜਨ ਦੀ ਦਾਅਵੇਦਾਰੀ ਠੋਕੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅਸੀਂ ਬਜ਼ੁਰਗਾਂ ਤੋਂ ਲੈ ਕੇ ਹੁਣ ਤੱਕ ਟਕਸਾਲੀ ਕਾਂਗਰਸੀ ਰਹੇ ਹਾ ਅਤੇ ਹੁਣ ਸਾਡਾ ਵੀ ਹੱਕ ਬਣਦਾ ਹੈ ਕਿ ਕਾਂਗਰਸ ਪਾਰਟੀ ਵਲੋਂ ਮੈਨੂੰ ਵੀ ਬਲਾਚੌਰ ਤੋਂ ਕਾਂਗਰਸ ਪਾਰਟੀ ਵਲੋਂ ਚੋਣ ਮੈਦਾਨ ਵਿੱਚ ਉਤਾਰਿਆ ਜਾਵੇ ਉਨ੍ਹਾਂ ਕਿਹਾ ਕਿ ਮੈ ਪਹਿਲਾਂ ਤੋਂ ਕਾਂਗਰਸ ਪਾਰਟੀ ਦਾ ਵਫਾਦਾਰ ਸਿਪਾਹੀ ਹਾਂ ਨਾ ਹੀ ਮੇਰੇ ਬਜ਼ੁਰਗਾਂ ਨੇ ਕਾਂਗਰਸ ਪਾਰਟੀ ਬਦਲੀ ਸੀ ਅਤੇ ਨਾ ਹੀ ਅਸੀ ਕਦੇ ਵੀ ਕਾਂਗਰਸ ਪਾਰਟੀ ਬਦਲਣ ਦਾ ਨਾਮ ਲਿਆ ਹੈ। ਉਨ੍ਹਾਂ ਨੇ ਕਿਹਾ ਬਲਾਚੌਰ ਦੀ ਸੀਟ ਜੇ ਕਰ ਐਸੀ ਕੋਟੇ ਵਿੱਚ ਆਉਂਦੀ ਹੈ ਤਾਂ ਵੀ ਮੈ ਪਹਿਲ ਦੇ ਆਧਾਰ ਤੇ ਚੋਣ ਲੜਨ ਤਿਆਰ ਹਾਂ ਉਨ੍ਹਾਂ ਕਿਹਾ ਇਲਾਕੇ ਲੋਕ ਚੰਗੀ ਤਰ੍ਹਾਂ ਨਾਲ ਜਾਣਦੇ ਹਨ ਕਿ ਕਿਹੜੇ ਲੋਕ ਪਾਰਟੀ ਦੇ ਪੱਕੇ ਵਰਕਰ ਹਨ ਅਤੇ ਕਿਹੜੇ ਲੋਕ ਹੋਰ ਵੱਖ ਵੱਖ ਪਾਰਟੀਆਂ ਵਿੱਚ ਜਾ ਕੇ ਆਪਣਾ ਲਾਹਾ ਲੈ ਕੇ ਮੁੜ ਕਾਂਗਰਸ' ਪਾਰਟੀ ਵਿੱਚ ਆ ਕੇ ਆਪਣੀ ਦਾਅਵੇਦਾਰੀ ਠੋਕਦੇ ਹਨ ।ਉਨ੍ਹਾਂ ਕਾਂਗਰਸ ਦੀ ਹਾਈਕਮਾਂਡ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਵਾਰ ਬਲਾਚੌਰ ਹਲਕੇ ਤੋਂ ਕਿਸੇ ਪੁਰਾਣੇ ਟਕਸਾਲੀ ਵਰਕਰ ਨੂੰ ਕਾਂਗਰਸ ਦੀ ਟਿਕਟ ਤੋਂ ਚੋਣ ਲੜਾਉਣ ਤਾਂ ਕੇ ਕਾਂਗਰਸ ਪਾਰਟੀ ਦੇ ਹੱਥ ਮਜਬੂਰ ਹੋ ਸਕਣ।



# ਆਪ ਦੇ ਡੁੱਬਦੇ ਜਹਾਜ਼ ਨੂੰ ਛੱਡ ਕੇ ਭਾਜਪਾ ਵਿੱਚ ਆਏ ਸਾਰੇ ਸਾਂਸਦਾਂ ਦਾ ਨਿੱਘਾ ਸਵਾਗਤ :ਐਡਵੋਕੇਟ ਰਾਜਵਿੰਦਰ ਲੱਕੀ

**ਨਵਾਂਸ਼ਹਿਰ 24 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਭਾਜਪਾ ਜਿਲ੍ਹਾ ਪ੍ਰਧਾਨ ਅਤੇ ਸੀਨੀਅਰ ਆਗੂ ਐਡਵੋਕੇਟ ਰਾਜਵਿੰਦਰ ਲੱਕੀ ਨੇ ਆਮ ਆਦਮੀ ਪਾਰਟੀ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਪਾਰਟੀ ਦੇ ਮਾੜੇ ਸ਼ਾਸਨ, ਭ੍ਰਿਸ਼ਟਾਚਾਰ ਅਤੇ ਬੇਅਮਨੀ ਕਾਰਨ ਪੰਜਾਬ ਦੇ ਲੋਕਾਂ ਦਾ ਇਸ ਤੋਂ ਪੂਰੀ ਤਰ੍ਹਾਂ ਮੋਹ ਭੰਗ ਹੋ ਚੁੱਕਾ ਹੈ। ਐਡਵੋਕੇਟ ਲੱਕੀ ਕਿਹਾ ਕਿ ਲੋਕ ਹਿੱਤਾਂ ਨੂੰ ਨਜ਼ਰਅੰਦਾਜ਼ ਕਰਨ ਅਤੇ ਵਾਅਦਿਆਂ ਤੋਂ ਮੁੱਕਰ ਜਾਣ ਕਾਰਨ ਪਾਰਟੀ ਦੇ ਅੰਦਰਲੇ ਚੰਗੇ ਅਤੇ ਇਮਾਨਦਾਰ ਲੋਕ ਵੀ ਹੁਣ ਇਸ ਨੂੰ ਛੱਡਣ ਲਈ ਮਜਬੂਰ ਹੋ ਰਹੇ ਹਨ। ਭਾਜਪਾ ਆਗੂ ਰਾਂਝਾ ਬਖਸ਼ੀ ਨੇ ਕਿਹਾ ਕਿ ਜਿਨ੍ਹਾਂ ਸਾਂਸਦਾਂ ਅਤੇ ਆਗੂਆਂ ਨੇ ਸਮੇਂ ਰਹਿੰਦਿਆਂ ਆਪ ਦਾ ਡੁੱਬਦਾ ਜਹਾਜ਼ ਛੱਡ ਕੇ ਭਾਰਤੀ ਜਨਤਾ ਪਾਰਟੀ ਦਾ ਦਾਮਨ ਫੜਿਆ ਹੈ, ਉਨ੍ਹਾਂ ਦਾ ਦਿਲੋਂ ਨਿੱਘਾ ਸਵਾਗਤ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿੱਚ ਲੋਕ ਹੁਣ ਬਦਲਾਅ ਚਾਹੁੰਦੇ ਹਨ ਅਤੇ ਭਾਜਪਾ ਨੂੰ ਇੱਕ ਮਜ਼ਬੂਤ ਵਿਕਲਪ ਵਜੋਂ ਦੇਖ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਕਈ ਆਗੂ ਅਤੇ ਵਰਕਰ ਲੋਕ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਭਾਜਪਾ ਨਾਲ ਜੁੜ ਸਕਦੇ ਹਨ।



for more news visit:
www.samajweekly.com

# ਇੰਡੀਅਨ ਵਰਕਰ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਦੇ ਦਖ਼ਲ ਤੋਂ ਬਾਅਦ ਹੁਸਿਆਰਪੁਰ ਨਾਲ ਸੰਬਿਧਿਤ ਮਾਂ-ਬੱਚੇ ਨੂੰ ਯੂ ਕੇ ਵਾਪਸੀ ਦੀ ਮਿਲੀ ਇਜਾਜ਼ਤ

**ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-** ਇੰਗਲੈਂਡ ਦੇ ਸ਼ਹਿਰ ਲੈਸਟਰ ਨਿਵਾਸੀ ਮਾਂ ਅਤੇ ਉਸਦੇ ਬ੍ਰਿਟਿਸ਼ ਨਾਬਾਲਗ ਬੱਚੇ ਨੂੰ ਪੰਜਾਬ ਦੇ ਹੁਸ਼ਿਆਰਪੁਰ ਵਿੱਚ ਪੁਲਿਸ ਮਾਮਲੇ ਵਿੱਚ ਫਸੇ ਹੋਣ ਤੋਂ ਬਾਅਦ ਹੁਣ ਯੂਨਾਈਟਿਡ ਕਿੰਗਡਮ ਵਾਪਸ ਆਉਣ ਦੀ ਇਜਾਜ਼ਤ ਮਿਲ ਗਈ ਹੈ। ਇਹ ਮਾਮਲਾ ਕਮਿਊਨਿਟੀ ਆਗੂਆਂ, ਸੰਸਦ ਮੈਂਬਰਾਂ ਅਤੇ ਬ੍ਰਿਟਿਸ਼ ਅਧਿਕਾਰੀਆਂ ਦੀ ਦਖ਼ਲਅੰਦਾਜ਼ੀ ਨਾਲ ਸੁਲਝਿਆ ਹੈ।ਇਸ ਸਬੰਧੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਇੰਡੀਅਨ ਵਰਕਰਾਜ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਦੇ ਜਨਰਲ ਸਕੱਤਰ ਸ਼ੀਤਲ ਸਿੰਘ ਗਿੱਲ ਨੇ ਦੱਸਿਆ ਕਿ ਜਾਣਕਾਰੀ ਅਨੁਸਾਰ ਸ਼੍ਰੀਮਤੀ ਅਲਕਾ ਰਾਣੀ ਆਪਣੇ ਨਾਬਾਲਗ ਬੱਚੇ ਨਾਲ ਛੁੱਟੀਆਂ ਦੌਰਾਨ ਹੁਸ਼ਿਆਰਪੁਰ ਵਿੱਚ ਰਿਸ਼ਤੇਦਾਰਾਂ ਕੋਲ ਗਈ ਸੀ, ਜਿਸ ਦੀ 25 ਅਪ੍ਰੈਲ ਨੂੰ ਯੂਕੇ ਵਾਪਸੀ ਲਈ ਉਡਾਣ ਬੁੱਕ ਸੀ। 17 ਅਪ੍ਰੈਲ ਨੂੰ ਮਾਡਲ ਟਾਊਨ ਪੁਲਿਸ ਥਾਣੇ ਵੱਲੋਂ ਉਸ ਦੇ ਇਕ ਨਜਦੀਕੀ ਰਿਸਤੇ-ਦਾਰ ਯੋਗੇਸ਼ ਅਰੋੜਾ( ਜੋ ਕਿ ਇਕ ਪੰਜਾਬੀ ਟੀ ਵੀ ਚੈਨਲ ਦਾ ਰਿਪੋਰਟ ਹੈ),ਨੂੰ ਬੁਲਾਏ ਜਾਣ ਤੋਂ ਬਾਅਦ ਪੁਲਿਸ ਅਲਕਾ ਰਾਣੀ ਦੇ ਰਹਿਣ ਵਾਲੇ ਘਰ ‘ਚ ਪਹੁੰਚੀ ਅਤੇ ਉਸਨੂੰ ਬੱਚੇ ਸਮੇਤ ਥਾਣੇ ਲੈ ਗਈ। ਪਰਿਵਾਰ ਦੇ ਦਾਅਵੇ ਅਨੁਸਾਰ ਦੋਵਾਂ ਨੂੰ ਕਈ ਘੰਟਿਆਂ ਤੱਕ ਥਾਣੇ ਵਿੱਚ ਬਿਠਾ ਕੇ ਰੱਖਿਆ ਗਿਆ, ਜਦਕਿ ਬੱਚੇ ਨੂੰ ਉਸ ਵੇਲੇ ਤੇਜ਼ ਬੁਖਾਰ ਸੀ।

ਇਸ ਤੋਂ ਬਾਅਦ ਮਾਡਲ ਟਾਊਨ ਥਾਣੇ ਵਿੱਚ ਐਫਆਈਆਰ ਨੰਬਰ 47 ਦਰਜ ਕਰਕੇ ਸ਼ਰਾਬ ਵੇਚਣ ਦੇ ਦੋਸ਼ ਲਗਾਏ ਗਏ ਅਤੇ ਅਲਕਾ ਰਾਣੀ ਦਾ ਨਾਮ ਵੀ ਮਾਮਲੇ ਵਿੱਚ ਸ਼ਾਮਲ ਕੀਤਾ ਗਿਆ। ਪਰਿਵਾਰ ਅਤੇ ਕਮਿਊਨਿਟੀ ਆਗੂਆਂ ਨੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਉਹਦਾ ਇਸ ਮਾਮਲੇ ਨਾਲ ਕੋਈ ਸਬੰਧ ਨਹੀਂ।ਸੀਤਲ ਸਿੰਘ ਗਿੱਲ ਨੇ ਦੱਸਿਆ ਕਿ ਪੁਲਿਸ ਵੱਲੋਂ ਕਾਰਵਾਈ


**ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਸੀਤਲ ਸਿੰਘ ਗਿੱਲ**
**ਤਸਵੀਰ :-ਸੁਖਜਿੰਦਰ ਸਿੰਘ ਢੱਡੇ**

ਦੌਰਾਨ ਲਗਭਗ £5,500, ਕਰੀਬ 3.5 ਲੱਖ ਰੁਪਏ ਅਤੇ ਸੋਨੇ ਦੇ ਗਹਿਣੇ ਕਬਜ਼ੇ ਵਿੱਚ ਲਏ ਗਏ ਸਨ, ਜਿਸ ਨਾਲ ਯੂਕੇ ਦੀ ਕਮਿਊਨਿਟੀ ਵਿੱਚ ਚਿੰਤਾ ਪੈਦਾ ਹੋ ਗਈ ਸੀ। ਇਸ ਮਾਮਲੇ ਨੂੰ ਇੰਡਿਆਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਵੱਲੋਂ ਉਠਾ ਕੇ ਬ੍ਰਿਟਿਸ਼ ਅਤੇ ਭਾਰਤੀ ਅਧਿਕਾਰੀਆਂ ਨਾਲ ਸੰਪਰਕ ਕੀਤਾ ਗਿਆ।

ਚਰਚਾਵਾਂ ਤੋਂ ਬਾਅਦ ਹੁਣ ਪੰਜਾਬ ਪੁਲਿਸ ਵੱਲੋਂ ਅਲਕਾ ਰਾਣੀ ਦਾ ਪਾਸਪੋਰਟ, ਗਹਿਣੇ ਅਤੇ ਨਕਦ ਰਕਮ ਵਾਪਸ ਕਰ ਦਿੱਤੀ ਗਈ ਹੈ ਅਤੇ ਉਸਦੇ ਖ਼ਿਲਾਫ਼ ਜਾਰੀ ਲੁੱਕ ਆਉਟ ਸਰਕੂਲਰ ਵੀ ਰੱਦ ਕਰ ਦਿੱਤਾ ਗਿਆ ਹੈ। ਇਸ ਨਾਲ ਮਾਂ ਅਤੇ ਬੱਚਾ ਹੁਣ ਸੁਰੱਖਿਅਤ ਤਰੀਕੇ ਨਾਲ ਯੂਕੇ ਵਾਪਸ ਜਾ ਸਕਣਗੇ।

ਇੰਡਿਆਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਮਾਮਲੇ ਦੇ ਹੱਲ ਲਈ ਸੰਬੰਧਤ ਸੰਸਦ ਮੈਂਬਰਾਂ, ਪੰਜਾਬ ਸਰਕਾਰ ਅਤੇ ਬ੍ਰਿਟਿਸ਼ ਅਧਿਕਾਰੀਆਂ ਦਾ ਧੰਨਵਾਦ ਕੀਤਾ ਹੈ। ਇਸ ਨਾਲ ਸੰਬੰਧਤ ਲੰਡਨ ਅਤੇ ਬਰਮਿੰਘਮ ਵਿੱਚ ਪ੍ਰਸਤਾਵਿਤ ਪ੍ਰਦਰਸ਼ਨ ਵੀ ਹੁਣ ਰੱਦ ਕਰ ਦਿੱਤੇ ਗਏ ਹਨ।






# ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਪ੍ਰਤੀ ਕਨੂੰਨ ਬਣਾਉਣਾ ਸਲਾਘਾਯੋਗ ਕਦਮ : ਪ੍ਰੋ ਜੀ ਐਸ ਮੁਲਤਾਨੀ, ਭੁਪਿੰਦਰ ਪਿੰਕੀ

**ਹੁਸ਼ਿਆਰਪੁਰ / ਮੁਕੇਰੀਆਂ ( ਤਰਸੇਮ ਦੀਵਾਨਾ ) -** ਹਲਕਾ ਇੰਚਾਰਜ ਜੀ.ਐੱਸ. ਮੁਲਤਾਨੀ ਆਮ ਆਦਮੀ ਪਾਰਟੀ ਮੁਕੇਰੀਆਂ ਵਲੋਂ ਗੁਰੂਦੁਆਰਾ ਕਿਲਾ ਅਟੱਲਗੜ੍ਹ ਸਾਹਿਬ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਕਰਵਾਏ ਗਏ ਤੇ ਉਪਰੰਤ ਗੁਰਬਾਣੀ ਜੱਸ ਕੀਰਤਨ ਕੀਤਾ ਗਿਆ। ਜਿਸ ਵਿੱਚ ਇਲਾਕੇ ਦੀਆ ਸਮੂਹ ਸੰਗਤਾਂ ਸ਼ਾਮਿਲ ਹੋਈਆਂ। ਪ੍ਰੋ ਜੀ ਐੱਸ ਮੁਲਤਾਨੀ ਵਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵਲੋਂ 13 ਅਪ੍ਰੈਲ 2026 ਨੂੰ ਸਪੈਸ਼ਲ ਅਸੈਂਬਲੀ ਸੈਸ਼ਨ ਸੱਦ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਬੇਅਦਬੀ ਦੇ ਸਬੰਧ ਵਿੱਚ ਜੋ ਕਾਨੂੰਨ ਪਾਸ ਕੀਤਾ ਗਿਆ ਹੈ ਜਿਸਨੂੰ ਕਿ ਵਿਧਾਨ ਸਭਾ ਵਿੱਚ ਪਾਸ ਹੋਣ ਉਪਰੰਤ ਰਾਜਪਾਲ ਵਲੋਂ ਵੀ ਪਾਸ ਕੀਤਾ ਗਿਆ । ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦਾ ਸ਼ੁਕਰਾਨਾ ਕਰਨ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੀ ਹਜ਼ੂਰੀ ਵਿੱਚ ਪ੍ਰੋ ਜੀ ਐਸ ਮੁਲਤਾਨੀ ਨੇ ਵਿਸ਼ੇਸ਼ ਤੌਰ ਤੇ ਸਿਰਕਤ ਕੀਤੀ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਬੇਅਦਬੀ ਸਬੰਧੀ ਕਾਨੂੰਨ ਬਣਾਉਣ ਅਤੇ ਉਸ ਨੂੰ ਪਾਸ ਕਰਵਾਉਣ ਲਈ ਉਹਨਾਂ ਦਾ ਦਿਲੋਂ ਧੰਨਵਾਦ ਕੀਤਾ । ਇਸ ਵਿਸ਼ੇਸ਼ ਮੌਕੇ ਤੇ ਗੁਰ-ਮਤਿ ਪ੍ਰਚਾਰ ਸੇਵਾ ਸੁਸਾਇਟੀ ਮੁਕੇਰੀਆਂ ਦੇ ਜਥੇਦਾਰ ਭੁਪਿੰਦਰ ਸਿੰਘ ਪਿੰਕੀ ਵਲੋਂ ਪ੍ਰੋ ਜੀ ਐੱਸ ਮੁਲਤਾਨੀ ਨੂੰ ਸਨਮਾਨਿਤ ਕੀਤਾ ਗਿਆ ਅਤੇ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਵੀ ਸ਼ੁਕਰਾਨਾ ਕੀਤਾ ਗਿਆ। ਇਸ ਮੌਕੇ ਮੌਜੂਦ ਮਨਜਿੰਦਰ ਸਿੰਘ ( ਨਿੱਕੂ ਚੱਕ ) ਮਨਜੀਤ ਸਿੰਘ ਚੀਮਾ, ਭੁਪਿੰਦਰ ਸਿੰਘ ਪਿੰਕੀ, ਸ਼ਮਸ਼ੇਰ ਸਿੰਘ, ਨਿਰਮਲ ਸਿੰਘ, ਅਮਿਤ ਕੁਮਾਰ,ਨਰਿੰਦਰ ਸਿੰਘ ਮੁਲਤਾਨੀ, ਮਾਸਟਰ ਸੇਵਾ ਸਿੰਘ ਅਤੇ ਚੇਅਰਮੈਨ ਹਰਜੀਤ ਸਿੰਘ ਸਹੋਤਾ ਆਦਿ ਸਮੂਹ ਹਲਕਾ ਮੁਕੇਰੀਆਂ ਦੀ ਆਮ ਆਦਮੀ ਪਾਰਟੀ ਦੀ ਟੀਮ ਮੌਜੂਦ ਸੀ।



**ਫੋਟੋ ਅਜਮੇਰ ਦੀਵਾਨਾ**

# ਡੇਰਾਬੱਸੀ ਦੇ ਲੇਖਕ ਸੈਣੀ ਵੱਲੋਂ ਸਪੈਸ਼ਲ ਡੀਜੀਪੀ ਨੂੰ ਪੁਸਤਕਾਂ ਭੇਂਟ

**ਡੇਰਾਬੱਸੀ,24 ਅਪ੍ਰੈਲ (ਸੰਜੀਵ)** ਡੇਰਾਬੱਸੀ ਦੇ ਨਾਮਵਰ ਸਾਹਿਤਕਾਰ ਸੰਜੀਵ ਸਿੰਘ ਸੈਣੀ ਵੱਲੋਂ ਟ੍ਰੈਫਿਕ ਤੇ ਸੜਕ ਸੁਰੱਖਿਆ ਦੇ ਸਪੈਸ਼ਲ ਡੀਜੀਪੀ ਏ.ਐਸ. ਰਾਏ ਨੂੰ ਆਪਣੀਆਂ ਲਿਖੀਆਂ ਪੁਸਤਕਾਂ ਭੇਂਟ ਕੀਤੀਆਂ ਗਈਆਂ।

ਸੰਜੀਵ ਸਿੰਘ ਸੈਣੀ ਦੇ ਲੇਖ ਅਕਸਰ ਪ੍ਰਮੁੱਖ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਹੁੰਦੇ ਰਹਿੰਦੇ ਹਨ, ਜੋ ਜੀਵਨ ਨੂੰ ਸਹੀ ਦਿਸ਼ਾ ਦੇਣ ਅਤੇ ਸਕਾਰਾਤਮਕ ਸੋਚ ਵੱਲ ਪ੍ਰੇਰਿਤ ਕਰਨ ਵਾਲੇ ਹੁੰਦੇ ਹਨ। ਹੁਣ ਤੱਕ ਉਹ ਅੱਠ ਪੁਸਤਕਾਂ ਲਿਖ ਚੁੱਕੇ ਹਨ ਅਤੇ ਆਪਣੀਆਂ ਰਚਨਾਵਾਂ ਰਾਹੀਂ ਸਮਾਜਿਕ, ਵਾਤਾਵਰਣਕ ਅਤੇ ਨੈਤਿਕ ਮੁੱਦਿਆਂ ‘ਤੇ ਜਾਗਰੂਕਤਾ ਫੈਲਾਉਂਦੇ ਆ ਰਹੇ ਹਨ।

ਸੈਣੀ ਪਹਿਲਾਂ ਵੀ ਹਰਿਆਣਾ ਦੇ ਮੁੱਖ ਮੰਤਰੀ, ਮੌਜੂਦਾ ਪੰਜਾਬ ਦੇ ਗਵਰਨਰ, ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਫਿਲਮੀ ਅਦਾਕਾਰਾਂ ਨੂੰ ਆਪਣੀਆਂ ਪੁਸਤਕਾਂ ਭੇਂਟ ਕਰ ਚੁੱਕੇ ਹਨ। ਉਨ੍ਹਾਂ ਦੇ ਲੇਖਾਂ ਵਿੱਚ ਜ਼ਿੰਦਗੀ ਨੂੰ



ਖ਼ੂਬਸੂਰਤ ਬਣਾਉਣ, ਕੁਦਰਤ ਦੇ ਕਾਨੂੰਨਾਂ ਨੂੰ ਸਮਝਣ, ਬੱਚਿਆਂ ਨੂੰ ਸਹੀ ਸੇਧ ਦੇਣ ਅਤੇ ਸਮਾਜ ਵਿੱਚ ਮਨੁੱਖ ਦੇ ਰੋਲ ਬਾਰੇ ਵਿਆਪਕ ਵਿਚਾਰ ਪੇਸ਼ ਕੀਤੇ ਜਾਂਦੇ ਹਨ।

ਖਾਸ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਉਨ੍ਹਾਂ ਵੱਲੋਂ ਲਿਖੀ ਗਈ ਨਵੀਂ ਪੁਸਤਕ “ਨਸ਼ਾ ਨਸ ਤੇ ਜਵਾਨੀ” ਚਰਚਾ ਵਿੱਚ ਹੈ। ਇਸ ਪੁਸਤਕ ਵਿੱਚ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ ਹੈ ਅਤੇ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਵਿਰੋਧੀ ਮੁਹਿੰਮ ਦੀ ਵੀ ਸਰਾਹਨਾ ਕੀਤੀ ਗਈ ਹੈ। ਇਹ ਪੁਸਤਕ ਸਪਤਰਿਸ਼ੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ।

ਇਸ ਮੌਕੇ ਸਪੈਸ਼ਲ ਡੀਜੀਪੀ ਏ.ਐਸ. ਰਾਏ ਨੇ ਸੈਣੀ ਦੀ ਹੌਂਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਲੇਖ ਸਮਾਜ ਨੂੰ ਸਹੀ ਦਿਸ਼ਾ ਦਿੰਦੇ ਹਨ। ਉਨ੍ਹਾਂ ਨੇ ਚਿੰਤਾ ਜਤਾਈ ਕਿ ਅੱਜਕੱਲ੍ਹ ਲੋਕ ਨਕਾਰਾਤਮਕ ਵਿਚਾਰਾਂ ਨਾਲ ਘਿਰ ਰਹੇ ਹਨ ਅਤੇ ਪੁਸਤਕਾਂ ਪੜ੍ਹਨ ਦਾ ਰੁਝਾਨ ਘਟਦਾ ਜਾ ਰਿਹਾ ਹੈ, ਜਦਕਿ ਬੱਚਿਆਂ ਦਾ ਸਕਰੀਨ ਟਾਈਮ ਵਧ ਰਿਹਾ ਹੈ। ਉਨ੍ਹਾਂ ਨੇ ਸੈਣੀ ਜੀ ਨੂੰ ਉਨ੍ਹਾਂ ਦੇ ਸੁਨਹਿਰੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਲੇਖਣਯੋਗ ਹੈ ਕਿ ਸੰਜੀਵ ਸਿੰਘ ਸੈਣੀ ਦੇ ਇੰਟਰਵਿਊ ਅਤੇ ਪੋਡਕਾਸਟ ਵੀ ਵੱਖ-ਵੱਖ ਚੈਨਲਾਂ ‘ਤੇ ਪ੍ਰਸਾਰਿਤ ਹੁੰਦੇ ਰਹਿੰਦੇ ਹਨ।

# ਨਦੀ ਦੇ ਸਾਫ਼ ਨਿੱਤਰੇ ਪਾਣੀ ਵਰਗਾ ਅਨੰਤ ਗਿੱਲ ਦਾ ਕਾਵਿ ਸੰਗ੍ਰਹਿ 'ਪੈਰਾਂ ਹੇਠਲਾ ਅੰਬਰ'

ਅਨੰਤ ਗਿੱਲ ਸਾਹਿਤ ਦੇ ਖੇਤਰ ਵਿਚ ਕੋਈ ਓਪਰਾ ਨਾਮ ਨਹੀਂ ਹੈ ਬਲਕਿ ਉਹ ਆਪਣੀਆਂ ਕਵਿਤਾਵਾਂ, ਕਹਾਣੀਆਂ, ਲੇਖਾਂ ਕਰਕੇ ਪੰਜਾਬੀ ਸਾਹਿਤ ਵਿੱਚ ਹਮੇਸ਼ਾ ਆਪਣਾ ਵਡਮੁੱਲਾ ਯੋਗਦਾਨ ਪਾਉਂਦੀ ਆਈ ਹੈ । ਫਿਰ ਚਾਹੇ ਉਹ ਮੈਗਜ਼ੀਨ ਹੋਣ, ਅਖ਼ਬਾਰ ਹੋਣ, ਮਾਸਿਕ ਪੱਤਰ ਜਾਂ ਕੋਈ ਸਾਂਝੀ ਸਾਹਿਤਕ ਕਿਤਾਬ ਹੋਵੇ, ਉਸਦੀਆਂ ਰਚਨਾਵਾਂ ਅਕਸਰ ਪੜ੍ਹਨ ਨੂੰ ਮਿਲ ਜਾਂਦੀਆਂ । ਹਾਲ ਹੀ ਵਿਚ ਭੈਣ ਅਨੰਤ ਗਿੱਲ ਦਾ ਪਹਿਲ ਪਲੇਠਾ ਤੇ ਜੇਠਾ ਕਾਵਿ ਸੰਗ੍ਰਹਿ 'ਪੈਰਾਂ ਹੇਠਲਾ ਅੰਬਰ' ਆਇਆ ਹੈ। ਕਿਤਾਬ ਦੇ ਨਾਮ ਤੋਂ ਹੀ ਸਪੱਸ਼ਟ ਹੈ ਕਿ ਉਸ ਵਿੱਚ ਅੰਬਰ ਉਪਰ ਉਡਾਰੀਆਂ ਮਾਰਨ ਦੀ ਨਹੀਂ ਬਲਕਿ ਅੰਬਰ ਨੂੰ ਪੈਰਾਂ ਨਾਲ ਗਾਹ ਦੇਣ ਦੀ ਖਿੱਚ ਹੈ, ਤਾਂਹੀ ਤਾਂ ਉਹ ਅੰਬਰਾਂ ਤੋਂ ਤਾਰੇ ਤੋੜਨ ਦੀਆਂ ਗੱਲਾਂ ਨਹੀਂ ਕਰਦੀ.. ਸਗੋਂ ਉਹ ਲਿਖਦੀ ਹੈ ਕਿ :

ਪੈਰਾਂ ਹੇਠਲਾ ਅੰਬਰ
ਸਾਡੇ ਪਰਾਂ ਦੀ ਮਲਕੀਅਤ ਹੈ
ਤੇ ਜਿਸਦੀ ਵਸੀਅਤ ਕਰ ਦਿੱਤੀ
ਅਸੀਂ ਆਪਣੀਆਂ ਉਡਾਣਾਂ ਦੇ ਨਾਮ

ਜਿੰਨ੍ਹੀ ਸਾਦਗੀ ਅਪਣੱਤ ਤੇ ਨਿੱਘ ਉਸਦੀ ਸਖਸ਼ੀਅਤ ਵਿੱਚ ਹੈ, ਉਹੀ ਅਪਣੱਤ ਨਿੱਘ ਤੇ ਸਾਦਗੀ ਉਸਦੀਆਂ ਕਵਿਤਾਵਾਂ ਅੰਦਰ ਹੈ। ਉਹ ਜ਼ਿੰਦਗੀ ਦੀਆਂ ਗਲੀਆਂ 'ਚੋਂ ਗੁਜ਼ਰਦੀ ਹੋਈ ਆਪਣੇ ਆਲੇ- ਦੁਆਲੇ ਵਾਪਰਦੇ ਅਣਸੁਖਾਂਵੇ ਹਾਦਸਿਆਂ ਨੂੰ ਅੱਖੋਂ ਪਰੋਖੇ ਨਹੀਂ ਕਰਦੀ,

ਸਗੋਂ ਇਹ ਹਾਦਸੇ ਉਸਦੇ ਜਜ਼ਬਾਤਾਂ ਸੰਗ ਰਲ ਧੂਣੀ ਦੀ ਅੱਗ ਵਾਂਗ ਮਘਦੇ ਮਘਦੇ ਕਵਿਤਾ ਦਾ ਭਾਂਬੜ ਬਣ ਜਾਂਦੇ ਹਨ । ਉਹ ਪੰਜਾਬ ਨਾਲ ਅੰਤਾਂ ਦਾ ਮੋਹ ਕਰਦੀ ਹੈ ਤੇ ਪੰਜਾਬ ਨਾਲ ਦਗਾ ਕਰਨ ਵਾਲਿਆਂ ਨੂੰ ਵੰਗਾਰਦਿਆਂ ਆਪਣੀ ਕਵਿਤਾ,






"ਤੁਸੀਂ ਮੇਰੇ ਲਗਦੇ ਹੀ ਕੀ ਹੋ" ਵਿੱਚ ਆਖਦੀ ਹੈ :

ਮੇਰੇ 'ਤੇ
ਮੁਸਕੜੀਏ ਹੱਸਣ ਵਾਲਿਓ !
ਮੇਰੇ ਪੁੱਤਾਂ 'ਤੇ ਤੰਜ ਕੱਸਣ ਵਾਲਿਓ
ਜ਼ਹਿਰੀਲੇ ਨਾਗੋ
ਮੇਰਾ ਅੰਗ ਅੰਗ ਡੱਸਣ ਵਾਲਿਓ
ਤੁਸੀਂ ਮੇਰੇ ਲਗਦੇ ਈ ਕੀ ਓ ..?

ਅਨੰਤ ਗਿੱਲ ਔਰਤ ਹੁੰਦਿਆਂ ਕੇਵਲ ਔਰਤ ਦੇ ਹੱਕਾਂ ਲਈ ਹੀ ਨਹੀਂ ਸਗੋਂ ਮਰਦ ਦੇ ਹੱਕਾਂ ਲਈ ਵੀ ਜੂਝਦੀ ਹੈ । ਉਹ ਖੁਦ ਮਿਹਨਤੀ ਹੋਣ ਕਰਕੇ ਮਿਹਨਤਕਸ਼ ਅਤੇ ਦੱਬੇ ਕੁਚਲੇ ਲੋਕਾਂ ਦੀ ਆਵਾਜ਼ ਨੂੰ ਆਪਣੀਆਂ ਕਵਿਤਾਵਾਂ ਵਿੱਚ ਬੁਲੰਦ ਕਰਦੀ ਰਹੀ ਹੈ। ਉਸਦੀਆਂ ਕਵਿਤਾਵਾਂ ਨਦੀ ਦੇ ਸਾਫ਼ ਨਿੱਤਰੇ ਪਾਣੀ ਵਰਗੀਆਂ ਹਨ, ਜਿਹੜੀ ਕਿਸੇ ਪਹਾੜ ਦੀ ਹਿੱਕ ਨੂੰ ਚੀਰ ਕੇ ਕਿਸੇ ਝਰਨੇ ਤੋਂ ਨਿਕਲੀ ਹੋਵੇ । ਉਸਦੀਆਂ ਕਵਿਤਾਵਾਂ ਵਿੱਚ ਰੀਝਾਂ, ਸਧਰਾਂ ਅਤੇ ਜਜ਼ਬਿਆਂ ਦੀ ਵੇਦਨਾ ਦੀ ਰਵਾਨੀ ਹੈ। ਆਖੀਰ ਵਿੱਚ ਮੈਂ ਆਪਣੇ ਅਤੇ ਆਪਣੇ ਪਰਿਵਾਰ ਵੱਲੋਂ ਭੈਣ ਅਨੰਤ ਗਿੱਲ ਅਤੇ ਉਸਦੇ ਪਤੀ ਬੇਅੰਤ ਗਿੱਲ ਜੋ ਮੇਰੇ ਦੋਸਤ ਵੀ ਹਨ, ਨੂੰ ਇਸ ਪਲੇਠੇ ਕਾਵਿ- ਸੰਗ੍ਰਹਿ 'ਪੈਰਾਂ ਹੇਠਲਾ ਅੰਬਰ' ਲਈ ਬਹੁਤ ਸਾਰੀਆਂ ਮੁਬਾਰਕਾਂ ਦਿੰਦਾ ਹਾਂ । ਉਮੀਦ ਕਰਦਾ ਹਾਂ ਕਿ ਉਹ ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਮਾਂ ਬੋਲੀ ਲਈ ਦਿਨ ਰਾਤ ਸੇਵਾ ਕਰਦੀ ਰਹੇ।



**ਸਤਨਾਮ ਸ਼ਦੀਦ ਸਮਾਲਸਰ**

# ਨਸਲੀ ਹਮਲੇ ਵਿੱਚ ਸਿੱਖ ਮਹਿਲਾ ਨਾਲ ਜਬਰ-ਜਨਾਹ ਕਰਨ ਵਾਲੇ ਨੂੰ ਉਮਰ ਕੈਦ

**ਲੈਸਟਰ (ਇੰਗਲੈਂਡ), 24 ਅਪ੍ਰੈਲ (ਸੁਖਜਿੰਦਰ ਸਿੰਘ ਢੱਡੇ)-** ਵੈਸਟ ਮਿਡਲੈਂਡਜ਼ ਦੇ ਵਾਲਸਾਲ ਵਿੱਚ ਸਿੱਖ ਮਹਿਲਾ ਨਾਲ ਨਸਲੀ ਨਫ਼ਰਤ ਦੇ ਤਹਿਤ ਦਰਿੰਦਗੀ ਭਰਿਆ ਹਮਲਾ ਅਤੇ ਜਬਰ-ਜਨਾਹ ਕਰਨ ਵਾਲੇ ਦੋਸ਼ੀ ਜੌਨ ਐਸ਼ਬੀ ਨੂੰ ਅਦਾਲਤ ਵੱਲੋਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ, ਜਿਸ ਨਾਲ ਨਸਲਵਾਦੀ ਤੱਤਾਂ ਲਈ ਸਖ਼ਤ ਸੰਦੇਸ਼ ਗਿਆ ਹੈ।ਅਦਾਲਤੀ ਕਾਰਵਾਈ ਦੌਰਾਨ ਇਹ ਗੱਲ ਖ਼ਾਸ ਤੌਰ 'ਤੇ ਸਾਹ- ਮਣੇ ਆਈ ਕਿ ਇਹ ਹਮਲਾ ਧਾਰਮਿਕ ਅਤੇ ਨਸਲੀ ਨਫ਼ਰਤ ਨਾਲ ਪ੍ਰੇਰਿਤ ਸੀ। ਦੋਸ਼ੀ ਨੇ ਪੀੜਤਾ ਨੂੰ ਬੱਸ ਤੋਂ ਪਿਛਾ ਕਰਦੇ ਹੋਏ ਉਸਦੇ ਘਰ ਤੱਕ ਜਾ ਕੇ ਹਮਲਾ ਕੀਤਾ, ਜਿੱਥੇ ਉਸ ਨਾਲ ਜਬਰ-ਜਨਾਹ, ਗਲਾ ਘੁੱਟਣ ਅਤੇ ਲੁੱਟਮਾਰ ਵਰਗੀਆਂ ਘਿਨੌਣੀਆਂ ਕਰਤੂਤਾਂ ਕੀਤੀਆਂ ਗਈਆਂ। ਅਦਾਲਤ ਵਿੱਚ ਦੱਸਿਆ ਗਿਆ ਕਿ ਦੋਸ਼ੀ ਨੇ ਹਮਲੇ ਦੌਰਾਨ ਨਸਲੀ ਅਤੇ ਧਾਰਮਿਕ ਗਾਲਾਂ ਕੱਢਦਿਆਂ ਆਪਣੇ ਆਪ ਨੂੰ "ਗੋਰਾ" ਅਤੇ "ਉੱਚ" ਦਰਸਾਉਣ ਦੀ ਕੋਸ਼ਿਸ਼ ਕੀਤੀ। ਉਹ ਪੀੜਤਾ ਨੂੰ ਗਲਤਫਹਿਮੀ ਨਾਲ ਮੁਸਲਮਾਨ ਸਮਝਦਾ ਰਿਹਾ ਅਤੇ ਇਸੇ ਨਫ਼ਰਤ ਨਾਲ ਹਮਲਾ ਕੀਤਾ ਗਿਆ। ਜੱਜ ਵੱਲੋਂ ਦੋਸ਼ੀ ਨੂੰ "ਖ਼ਤਰਨਾਕ ਅਤੇ ਨਸਲਵਾਦੀ



ਮਨੋਵਿਰਤੀ ਵਾਲਾ ਵਿਅਕਤੀ" ਕਰਾਰ ਦਿੰਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ, ਜਿਸ ਵਿੱਚ ਘੱਟੋ-ਘੱਟ ਕਈ ਸਾਲਾਂ ਦੀ ਸਜ਼ਾ ਕੱਟਣੀ ਲਾਜ਼ਮੀ ਹੋਵੇਗੀ। ਸਿੱਖ ਸੰਸਥਾਵਾਂ ਅਤੇ ਕਮਿਊਨਿਟੀ ਆਗੂਆਂ ਨੇ ਕਿਹਾ ਹੈ ਕਿ ਇਹ ਫੈਸਲਾ ਨਿਆਂ ਲਈ ਇੱਕ ਮਹੱਤਵਪੂਰਨ ਕਦਮ ਹੈ ਅਤੇ ਇਸ ਨਾਲ ਨਸਲੀ ਹਿੰਸਾ ਕਰਨ ਵਾਲਿਆਂ ਨੂੰ ਸਖ਼ਤ ਚੇਤਾਵਨੀ ਮਿਲਦੀ ਹੈ ਕਿ ਅਜਿਹੇ ਅਪਰਾਧ ਬਰਦਾਸ਼ਤ ਨਹੀਂ ਕੀਤੇ ਜਾਣਗੇ। ਇਹ ਮਾਮਲਾ ਯੂਕੇ ਭਰ ਵਿੱਚ ਵੱਡੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਸੀ ਅਤੇ ਇਸ ਫ਼ੈਸਲੇ ਨਾਲ ਪੀੜਤਾ ਨੂੰ ਇਨਸਾਫ਼ ਮਿਲਣ ਦੀ ਉਮੀਦ ਜਤਾਈ ਗਈ ਹੈ।

# ਦੁਰਲੱਭ ਬਲੱਡ ਗਰੁੱਪ (ਏਬੀ ਨੈਗੇਟਿਵ) ਵਾਲੇ ਪੰਜਾਬ ਪੁਲਿਸ ਦੇ ਏਐੱਸਆਈ ਮਲਕੀਤ ਸਿੰਘ ਨੇ 40 ਵਾਰ ਖ਼ੂਨਦਾਨ ਕਰਕੇ ਬਣਾਈ ਮਿਸਾਲ

**ਮੋਰਿੰਡਾ, 24 ਅਪ੍ਰੈਲ (ਸੁਖਵਿੰਦਰ ਸਿੰਘ ਹੈਪੀ) -** ਖ਼ੂਨਦਾਨ ਨੂੰ ਸਭ ਤੋਂ ਮਹਾਨ ਦਾਨ ਮੰਨਿਆ ਜਾਂਦਾ ਹੈ ਅਤੇ ਮੋਰਿੰਡਾ ਸ਼ਹਿਰ ਵਿੱਚ ਟ੍ਰੈਫਿਕ ਪੁਲਿਸ ਵਿੱਚ ਤਾਇਨਾਤ ਏਐੱਸਆਈ ਮਲਕੀਤ ਸਿੰਘ ਇਸ ਗੱਲ ਨੂੰ ਆਪਣੀ ਨਿਸ਼ਕਾਮ ਸੇਵਾ ਨਾਲ ਸੱਚ ਸਾਬਤ ਕਰ ਰਹੇ ਹਨ। ਦੁਰਲੱਭ ਬਲੱਡ ਗਰੁੱਪ 'ਏਬੀ ਨੈਗੇਟਿਵ' (ਅਭ ਂਏਗਓਟਿਵਏ) ਹੋਣ ਦੇ ਬਾਵਜੂਦ ਉਨ੍ਹਾਂ ਵੱਲੋਂ ਹੁਣ ਤੱਕ 40 ਵਾਰ ਖ਼ੂਨਦਾਨ ਕਰਨਾ ਇਕ ਵੱਡੀ ਉਪਲਬਧੀ ਹੈ। ਇਹ ਬਲੱਡ ਗਰੁੱਪ ਬਹੁਤ ਹੀ ਘੱਟ ਲੋਕਾਂ ਵਿੱਚ ਪਾਇਆ ਜਾਂਦਾ ਹੈ, ਜਿਸ ਕਾਰਨ ਐਮਰਜੈਂਸੀ ਮੌਕਿਆਂ 'ਤੇ ਇਸ ਦੀ ਕਮੀ ਅਕਸਰ ਸਾਹਮਣੇ ਆਉਂਦੀ ਹੈ, ਪਰ ਅਜਿਹੇ ਸਮਿਆਂ ਵਿੱਚ ਮਲਕੀਤ ਸਿੰਘ ਵਰਗੇ ਦਾਤਾ ਲੋੜਵੰਦਾਂ ਲਈ ਵੱਡਾ ਸਹਾਰਾ ਬਣਦੇ ਹਨ। ਉਨ੍ਹਾਂ ਨੇ ਦੱਸਿਆ ਕਿ ਖ਼ੂਨਦਾਨ ਦੀ ਇਹ ਨੇਕ ਮੁਹਿੰਮ ਉਨ੍ਹਾਂ ਨੇ 19 ਸਾਲ ਦੀ ਉਮਰ ਵਿੱਚ ਸ਼ੁਰੂ ਕੀਤੀ ਸੀ ਅਤੇ ਅੱਜ ਤੱਕ ਬਿਨਾਂ ਰੁਕਾਵਟ ਜਾਰੀ ਰੱਖੀ ਹੋਈ ਹੈ। ਉਨ੍ਹਾਂ ਲਈ ਇਹ ਸਿਰਫ਼ ਇੱਕ ਆਦਤ ਨਹੀਂ, ਸਗੋਂ ਮਨੁੱਖਤਾ ਦੀ ਸੇਵਾ ਹੈ। ਉਹ ਆਪਣੀ ਡਿਊਟੀ ਦੇ ਨਾਲ-ਨਾਲ ਸਮਾਜ ਪ੍ਰਤੀ ਆਪਣਾ ਫਰਜ਼ ਵੀ ਨਿਭਾਉਂਦੇ ਹਨ ਅਤੇ ਜਦੋਂ ਵੀ ਕਿਸੇ ਨੂੰ ਖ਼ੂਨ ਦੀ ਲੋੜ ਪੈਂਦੀ ਹੈ, ਉਹ ਹਮੇਸ਼ਾ ਤਿਆਰ ਰਹਿੰਦੇ



ਹਨ। ਮਲਕੀਤ ਸਿੰਘ ਦੀ ਵਿਸ਼ੇਸ਼ ਗੱਲ ਇਹ ਹੈ ਕਿ ਉਹ ਸਿਰਫ਼ ਖ਼ੂਨਦਾਨ ਕੈਂਪਾਂ ਤੱਕ ਹੀ ਸੀਮਿਤ ਨਹੀਂ ਰਹਿੰਦੇ, ਸਗੋਂ ਐਮਰਜੈਂਸੀ ਹਾਲਤਾਂ ਵਿੱਚ ਵੀ ਤੁਰੰਤ ਮਦਦ ਲਈ ਅੱਗੇ ਆਉਂਦੇ ਹਨ। ਕਈ ਵਾਰ ਉਨ੍ਹਾਂ ਨੂੰ ਅੱਧੀ ਰਾਤ ਨੂੰ ਵੀ ਫੋਨ ਆਉਂਦੇ ਹਨ ਅਤੇ ਉਹ ਬਿਨਾਂ ਦੇਰ ਕੀਤੇ ਹਸਪਤਾਲ ਪਹੁੰਚ ਕੇ ਖ਼ੂਨਦਾਨ ਕਰਦੇ ਹਨ। ਜਾਣਕਾਰੀ ਮੁਤਾਬਕ, ਉਹ ਕਈ ਵਾਰ ਐਮਰਜੈਂਸੀ ਮਾਮਲਿਆਂ ਵਿੱਚ ਜਾ ਕੇ ਆਪਣਾ ਖ਼ੂਨ ਦੇ ਚੁੱਕੇ ਹਨ ਅਤੇ ਲੋੜਵੰਦਾਂ ਦੀ ਜਾਨ ਬਚਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ।ਕੋਰੋਨਾਵਾਇਰਸ ਮਹਾਂਮਾਰੀ ਦੇ ਦੌਰ ਵਿੱਚ ਵੀ ਜਦੋਂ ਖ਼ੂਨ ਦੀ ਕਮੀ ਮਹਿਸੂਸ ਕੀਤੀ ਜਾ ਰਹੀ ਸੀ, ਉਸ ਸਮੇਂ ਮਲਕੀਤ ਸਿੰਘ ਨੇ ਅੱਗੇ ਆ ਕੇ ਖ਼ੂਨਦਾਨ ਕੀਤਾ ਅਤੇ ਸਮਾਜਿਕ ਜ਼ਿੰਮੇਵਾਰੀ ਦਾ ਬੇਹਤਰੀਨ ਉਦਾਹਰਨ ਪੇਸ਼ ਕੀਤਾ। ਉਨ੍ਹਾਂ ਦੀ ਇਸ ਨਿਸ਼ਕਾਮ ਸੇਵਾ ਨੇ ਨਾ ਸਿਰਫ਼ ਕਈ ਜ਼ਿੰਦਗੀਆਂ ਬਚਾਈਆਂ, ਸਗੋਂ ਹੋਰ ਲੋਕਾਂ ਨੂੰ ਵੀ ਖ਼ੂਨਦਾਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦਾ ਕਹਿਣਾ ਹੈ ਕਿ ਕਿਸੇ ਲੋੜਵੰਦ ਨੂੰ ਨਵੀਂ ਜ਼ਿੰਦਗੀ ਮਿਲਣ ਦਾ ਅਹਿਸਾਸ ਸਭ ਤੋਂ ਵੱਡੀ ਖ਼ੁਸ਼ੀ ਹੁੰਦੀ ਹੈ ਅਤੇ ਇਹੀ ਸੋਚ ਉਨ੍ਹਾਂ ਨੂੰ ਵਾਰ-ਵਾਰ ਖ਼ੂਨਦਾਨ ਕਰਨ ਲਈ ਪ੍ਰੇਰਿਤ ਕਰਦੀ ਹੈ। ਮਲਕੀਤ ਸਿੰਘ ਵਰਗੇ ਵਿਅਕਤੀ ਅੱਜ ਦੇ ਸਮਾਜ ਵਿੱਚ ਅਸਲ ਹੀਰੋ ਹਨ, ਜੋ ਆਪਣੀ ਸੇਵਾ ਨਾਲ ਮਨੁੱਖਤਾ ਨੂੰ ਮਜ਼ਬੂਤ ਕਰ ਰਹੇ ਹਨ।

# ਪ੍ਰੀਖਿਆ ਕੇਂਦਰ ਦੇ 100 ਮੀਟਰ ਦੇ ਘੇਰੇ ਵਿੱਚ ਧਾਰਾ 144 ਲਾਗੂ

**ਨਵਾਂ ਸ਼ਹਿਰ 24 ਅਪ੍ਰੈਲ(ਜਤਿੰਦਰ ਪਾਲ ਸਿੰਘ ਕਲੇਰ )** ਜਿਲਾ ਮਜਿਸਟਰੇਟ ਗੁਲਪ੍ਰੀਤ ਸਿੰਘ ਔਲਖ ਨੇ ਭਾਰਤੀ ਨਾਗਰਿਕ ਸੁਰੱਖਿਆ ਸਹੀਤਾ 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਇਹ ਹੁਕਮ ਜਾਰੀ ਕੀਤਾ ਹੈ ਕਿ ਫਸ਼-ਠਓਠ-2026(ਠਓਠ ਸੇਵਾ ਵਿੱਚ) ਦੀ ਪ੍ਰੀਖਿਆ 26-04-2026( ਦਿਨ ਐਤਵਾਰ) ਦੌਰਾਨ ਜਿਲਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਸਥਾਪਿਤ ਪਰੀਖਿਆ ਕੇਂਦਰ ( ਸਕੂਲ ਆਫ ਐਮੀਨਸ ਨਵਾਂ ਸ਼ਹਿਰ ) ਦੇ 100 ਮੀਟਰ ਦੇ ਘੇਰੇ ਵਿੱਚ ਕਿਸੇ ਵੀ ਅਣਸੁਾਵੀ ਘਟਨਾ ਨੂੰ ਰੋਕਣ ਵਾਸਤੇ ਕਿਸੇ ਵੀ ਅਣ-ਅਧਿਕਾਰਿਤ ਵਿਅਕਤੀ ਨੂੰ ਦਾਖਲ ਨਾ ਹੋਣ ਦਿੱਤਾ ਜਾਵੇ ਇਹ ਹੁਕਮ ਪਬਲਿਕ ਹਿਤਾਂ ਨੂੰ ਮੁੱਖ ਰੱਖਦਿਆਂ ਹੋਇਆ ਇੱਕ ਤਰਫਾ ਪਾਸ ਕੀਤਾ ਜਾਂਦਾ ਹੈ ਇਹਨਾਂ ਹੁਕਮਾਂ ਨੂੰ ਲਾਗੂ ਕਰਾਉਣ ਲਈ ਸੀਨੀਅਰ ਪੁਲਿਸ ਕਪਤਾਨ ਸ਼ਹੀਦ ਭਗਤ ਸਿੰਘ ਨਗਰ ਅਤੇ ਜ਼ਿਲਿਆ ਸਿੱਖਿਆ ਅਫਸਰ ਸਹੀਪਾਲ ਸਿੰਘ ਨਗਰ ਜਿੰਮੇਵਾਰ ਹੋਣਗੇ।



# ਸੁਰਿੰਦਰ ਪਾਲ ਨੇ ਸੰਭਾਲਿਆ ਜ਼ਿਲ੍ਹਾ ਖਜ਼ਾਨਾ ਦਫ਼ਤਰ ਵਿਖੇ ਸੁਪਰਡੈਂਟ ਗ੍ਰੇਡ-2 ਦਾ ਚਾਰਜ

**ਐਸ.ਬੀ.ਐਸ. ਨਗਰ, 24 ਅਪ੍ਰੈਲ(ਜਤਿੰਦਰ ਪਾਲ ਸਿੰਘ ਕਲੇਰ )** ਸ਼੍ਰੀ ਸੁਰਿੰਦਰ ਪਾਲ ਨੇ ਅੱਜ ਜ਼ਿਲ੍ਹਾ ਖਜ਼ਾਨਾ ਦਫ਼ਤਰ, ਸ਼ਹੀਦ ਭਗਤ ਸਿੰਘ ਨਗਰ ਵਿਖੇ ਸੁਪਰਡੈਂਟ ਗ੍ਰੇਡ-2 ਵਜੋਂ ਆਪਣੇ ਅਹੁਦੇ ਦਾ ਚਾਰਜ ਸੰਭਾਲ ਲਿਆ ਹੈ। ਇਸ ਮੌਕੇ ਜ਼ਿਲ੍ਹਾ ਖਜ਼ਾਨਾ ਅਫ਼ਸਰ ਸ਼ਹੀਦ ਭਗਤ ਸਿੰਘ ਨਗਰ ਜਤਿੰਦਰ ਕੁਮਾਰ, ਜ਼ਿਲਾ ਖਜ਼ਾਨਾ ਅਫਸਰ ਮੁਕੇਰੀਆਂ ਠਾਕੁਰ ਮੋਹਨ ਦਾਸ, ਸੀਨੀਅਰ ਸਹਾਇਕ ਸੁਭਾਸ਼ ਕੌਸ਼ਲ, ਸੀਨੀਅਰ ਸਹਾਇਕ ਲਕਸ਼ਮੀ ਰਾਣੀ, ਜੂਨੀਅਰ ਸਹਾਇਕ ਕੁਲਬੀਰ ਸਿੰਘ ਤੇ ਸਰਜੀਵਨ ਕੁਮਾਰ, ਅਤੇ ਦਫ਼ਤਰ ਦੇ ਸਮੂਹ ਸਟਾਫ਼ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਚਾਰਜ ਸੰਭਾਲਣ ਉਪਰੰਤ ਸੁਰਿੰਦਰ ਪਾਲ ਨੇ ਕਿਹਾ ਕਿ ਉਹ ਆਪਣੀ ਡਿਊਟੀ ਪੂਰੀ ਇਮਾਨਦਾਰੀ, ਤਨਦੇਹੀ ਅਤੇ ਸਮਰਪਣ ਭਾਵਨਾ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਦਫ਼ਤਰ ਵਿੱਚ ਆਉਣ ਵਾਲੇ ਹਰ ਵਿਅਕਤੀ ਦੇ ਕੰਮ ਨੂੰ ਪਹਿਲ ਦੇ ਆਧਾਰ 'ਤੇ ਅਤੇ ਨਿਰਧਾਰਤ ਸਮੇਂ ਵਿੱਚ ਕਰਨਾ ਉਨ੍ਹਾਂ ਦੀ ਪਹਿਲ ਹੋਵੇਗੀ। ਉਨ੍ਹਾਂ ਸਮੂਹ ਸਟਾਫ਼ ਨੂੰ ਆਪਸੀ ਤਾਲਮੇਲ ਨਾਲ ਕੰਮ ਕਰਨ ਅਤੇ ਲੋਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਪਾਰਦਰਸ਼ੀ ਢੰਗ ਨਾਲ ਸੇਵਾਵਾਂ ਦੇਣ ਲਈ ਪ੍ਰੇਰਿਤ ਕੀਤਾ। ਜ਼ਿਕਰਯੋਗ ਹੈ ਕਿ ਸੁਰਿੰਦਰ ਪਾਲ ਇਸ ਤੋਂ ਪਹਿਲਾਂ ਖਜ਼ਾਨਾ ਦਫਤਰ ਪਠਾਨਕੋਟ ਵਿਖੇ ਬਤੌਰ ਸੀਨੀਅਰ ਸਹਾਇਕ, ਜਿਲਾ ਖਜ਼ਾਨਾ ਦਫਤਰ ਗੁਰਦਾਸਪੁਰ ਅਤੇ ਹੋਰ ਵੱਖ-ਵੱਖ ਥਾਵਾਂ ਤੇ ਸੇਵਾਵਾਂ ਨਿਭਾਅ ਚੁੱਕੇ ਹਨ ਅਤੇ ਉਹ ਪ੍ਰਸ਼ਾਸਨਿਕ ਕੰਮਾਂ ਦਾ ਲੰਮਾ ਤਜਰਬਾ ਰੱਖਦੇ ਹਨ।



# ਸੁਰਭੀ ਦੇ ਬੀ.ਸੀ.ਸੀ.ਆਈ. ਦੀ ਰਾਸ਼ਟਰੀ ਅੰਡਰ-19 ਐਨ.ਸੀ.ਏ. ਕੈਂਪ ਵਿੱਚ ਚੋਣ ਨਾਲ ਜ਼ਿਲ੍ਹੇ ਦੀਆਂ ਬੱਚੀਆਂ ਦੇ ਹੌਂਸਲੇ ਹੋਣਗੇ ਬੁਲੰਦ : ਖੰਨਾ, ਡਾ.ਰਮਨ ਘਈ

## ਸੁਰਭੀ ਨੂੰ ਰਾਸ਼ਟਰੀ ਕੈਂਪ ਐਨ.ਸੀ.ਏ. ਵਿੱਚ ਭਾਗ ਲੈਣ ਤੋਂ ਪਹਿਲਾਂ ਖੰਨਾ ਨੇ ਕੀਤਾ ਸਨਮਾਨਿਤ

**ਹੁਸ਼ਿਆਰਪੁਰ 24 ਅਪ੍ਰੈਲ (ਤਰਸੇਮ ਦੀਵਾਨਾ)** - ਹੁਸ਼ਿਆਰਪੁਰ ਜ਼ਿਲ੍ਹੇ ਨਾਲ ਸਬੰਧਤ ਨੌਜਵਾਨ ਮਹਿਲਾ ਕ੍ਰਿਕਟਰ ਸੁਰਭੀ ਦੇ ਰਾਸ਼ਟਰੀ ਕੈਂਪ ਐਨ.ਸੀ.ਏ. ਵਿੱਚ ਚੋਣ ਨਾਲ ਪੂਰੇ ਜ਼ਿਲ੍ਹੇ ਦੀਆਂ ਬੱਚੀਆਂ ਦੇ ਹੌਂਸਲੇ ਬੁਲੰਦ ਹੋਣਗੇ। ਇਹ ਉਕਤ ਵਿਚਾਰ ਸਾਬਕਾ ਭਾਜਪਾ ਸੰਸਦ ਮੈਂਬਰ ਅਵਿਨਾਸ਼ ਰਾਏ ਖੰਨਾ ਨੇ ਸੁਰਭੀ ਦੇ ਰਾਸ਼ਟਰੀ ਕੈਂਪ ਬੈਂਗਲੂਰੂ ਵਿੱਚ ਭਾਗ ਲੈਣ ਲਈ ਰਵਾਨਾ ਹੋਣ ਤੋਂ ਪਹਿਲਾਂ ਉਸਨੂੰ ਇਸ ਪ੍ਰਾਪਤੀ 'ਤੇ ਸਨਮਾਨਿਤ ਕਰਦਿਆਂ ਕਹੇ। ਖੰਨਾ ਨੇ ਕਿਹਾ ਕਿ ਐਚ.ਡੀ.ਸੀ.ਏ. ਸੈਂਟਰ ਹੁਸ਼ਿਆਰਪੁਰ ਵਿੱਚ ਟ੍ਰੇਨਿੰਗ ਲੈ ਰਹੀ ਨੌਜਵਾਨ ਹੋਣਹਾਰ ਇਸ ਮਹਿਲਾ ਖਿਡਾਰੀ ਨੇ ਇਸ ਮੁਕਾਮ 'ਤੇ ਪਹੁੰਚ ਕੇ ਰਾਸ਼ਟਰੀ ਪੱਧਰ 'ਤੇ ਹੁਸ਼ਿਆਰਪੁਰ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਸੁਰਭੀ ਦੇ ਰਾਸ਼ਟਰੀ ਕੈਂਪ ਵਿੱਚ ਚੁਣੇ ਜਾਣ 'ਤੇ ਹੋਰ ਵੀ ਨੌਜਵਾਨ ਮਹਿਲਾ ਖਿਡਾਰੀ ਪ੍ਰੇਰਣਾ ਲੈਣਗੀਆਂ ਅਤੇ ਆਪਣੇ ਖੇਡ ਨੂੰ ਹੋਰ ਮਿਹਨਤ ਤੇ ਲਗਨ ਨਾਲ ਖੇਡਦੇ ਹੋਏ ਆਪਣੇ ਪਰਿਵਾਰ ਅਤੇ ਹੁਸ਼ਿਆਰਪੁਰ ਦੀ ਕ੍ਰਿਕਟ ਨੂੰ ਰਾਸ਼ਟਰੀ ਪੱਧਰ 'ਤੇ ਲੈ ਕੇ ਜਾਣ ਵਿੱਚ ਸਹਾਇਕ ਹੋਣਗੀਆਂ। ਖੰਨਾ ਨੇ 12ਵੀਂ ਜਮਾਤ ਦੀ ਵੁੱਡਲੈਂਡ ਸਕੂਲ ਦੀ ਵਿਦਿਆਰਥਣ ਸੁਰਭੀ ਨੂੰ ਬੀ.ਸੀ.ਸੀ.ਆਈ. ਦੇ ਰਾਸ਼ਟਰੀ ਕੈਂਪ ਐਨ.ਸੀ.ਏ. ਦੇ ਚੋਣ 'ਤੇ ਵਧਾਈ ਦਿੰਦਿਆਂ ਇਸ ਦਾ ਸਾਰਾ ਸਿਹਰਾ ਸੁਰਭੀ ਦੀ ਮਿਹਨਤ ਅਤੇ ਸੁਰਭੀ ਦੇ ਕੋਚ ਅਤੇ ਜ਼ਿਲ੍ਹਾ ਕ੍ਰਿਕਟ ਕੋਚ ਦਵਿੰਦਰ ਕੌਰ ਕਲਿਆਣ, ਪਰਿਵਾਰ ਅਤੇ ਐਚ.ਡੀ.ਸੀ.ਏ. ਨੂੰ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਆਸ ਹੈ ਕਿ ਹੁਸ਼ਿਆਰਪੁਰ ਦੀ ਇਹ ਹੋਣਹਾਰ ਖਿਡਾਰੀ ਜਲਦ ਹੀ ਆਪਣੇ ਵਧੀਆ ਪ੍ਰਦਰਸ਼ਨ ਅਤੇ ਮਿਹਨਤ ਦੇ ਬਲ 'ਤੇ ਭਾਰਤੀ ਟੀਮ ਵਿੱਚ ਆਪਣਾ ਸਥਾਨ ਨਿਸ਼ਚਿਤ ਕਰੇਗੀ। ਇਸ ਮੌਕੇ ਐਚ.ਡੀ.ਸੀ.ਏ. ਸਕੱਤਰ ਡਾ. ਰਮਨ ਘਈ ਨੇ



ਦੱਸਿਆ ਕਿ 26 ਅਪ੍ਰੈਲ ਤੋਂ 26 ਮਈ ਤੱਕ ਇੱਕ ਮਹੀਨਾ ਬੈਂਗਲੁਰੂ ਬੀ.ਸੀ.ਸੀ.ਆਈ. ਦੀ ਰਾਸ਼ਟਰੀ ਕ੍ਰਿਕਟ ਅਕਾਦਮੀ ਵਿੱਚ ਸੁਰਭੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕੋਚਾਂ ਦੀ ਦੇਖ-ਰੇਖ ਵਿੱਚ ਆਪਣਾ ਪ੍ਰਸ਼ਿਕਸ਼ਨ ਪ੍ਰਾਪਤ ਕਰੇਗੀ। ਸੁਰਭੀ ਦੇ ਕੈਂਪ ਵਿੱਚ ਭਾਗ ਲੈਣ ਦੇ ਮੌਕੇ 'ਤੇ ਐਚ.ਡੀ.ਸੀ.ਏ. ਪ੍ਰਧਾਨ ਡਾ. ਦਲਜੀਤ ਖੇਲਾ, ਸਕੱਤਰ ਡਾ. ਰਮਨ ਘਈ ਨੇ ਸਮੂਹ ਐਸੋਸੀਏਸ਼ਨ ਵੱਲੋਂ ਅਤੇ ਕੋਚ ਦਵਿੰਦਰ ਕੌਰ ਕਲਿਆਣ, ਸਹਾਇਕ ਕੋਚ ਨਿਕਿਤਾ ਕੁਮਾਰੀ, ਜ਼ਿਲ੍ਹਾ ਕੋਚ ਦਲਜੀਤ ਸਿੰਘ, ਸਹਾਇਕ ਕੋਚ ਦਲਜੀਤ ਧੀਮਾਨ, ਪੰਕਜ ਪਿੰਕਾ, ਪ੍ਰਵੀਨ ਕਪੂਰ, ਦਿਨੇਸ਼ ਸ਼ਰਮਾ ਅਤੇ ਜ਼ਿਲ੍ਹਾ ਅਤੇ ਸੁਰਭੀ ਦੇ ਟ੍ਰੇਨਰ ਅਤੇ ਸਾਬਕਾ ਰਾਸ਼ਟਰੀ ਖਿਡਾਰੀ ਕੁਲਦੀਪ ਧਾਮੀ ਨੇ ਸੁਰਭੀ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਸੁਰਭੀ ਦੇ ਪਿਤਾ ਸੰਜੇ ਨਰਾਇਣ ਅਤੇ ਮਾਤਾ ਵੀ ਹਾਜ਼ਰ ਰਹੇ।

**ਫੋਟੋ ਅਜਮੇਰ ਦੀਵਾਨਾ**

# ਅੱਧਾ ਅਧੂਰਾ ਪੰਚਾਇਤੀ ਰਾਜ

ਉੱਨੀਂ ਸੌ ਤਰੰਨਵੇਂ ਦੀ ਚੌਵੀ ਅਪ੍ਰੈਲ ਨੂੰ ,
ਕੌਮੀ ਪੰਚਾਇਤੀ ਰਾਜ ਐਕਟ ਬਣਾਇਆ ਸੀ ।
ਪਿੰਡਾਂ ਵੱਲੋਂ ਚੁਣੇਂ ਹੋਏ ਪੰਚਾਂ ਸਰਪੰਚਾਂ ਨੂੰ ,
ਪਾਰਲੀਮੈਂਟ ਜਿਹਾ ਦਰਜਾ ਦਿਵਾਇਆ ਸੀ ।
ਕੁੱਲ ਵੋਟਰਾਂ ਦੇ ਸਿਰਫ਼ ਪੰਜਵੇਂ ਹਿੱਸੇ ਨੂੰ ,
ਅਫ਼ਸਰਾਂ ਤੇ ਹਾਕਮਾਂ ਤੋਂ ਵੱਧ ਅਧਿਕਾਰ ਸਨ ;
ਏਸੇ ਲਈ ਅਜੇ ਤੱਕ ਅਮਲ ਨਾ ਹੋਣ ਦਿੱਤਾ ,
ਜਿਹੜਾ ਅਧਿਕਾਰ ਗ੍ਰਾਮ ਸਭਾ ਹੱਥ ਆਇਆ ਸੀ ।



**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
**ਸੰਪਰਕ-9914836037**

## ਅਧੂਰਾ ਮਿਲਣ


ਸਭ ਕੁਝ ਮੈਂ ਭੁੱਲ ਜਾਣਾ ਸੀ,
ਤੂੰ ਯਾਦਾਂ ਵਿੱਚ ਨਹੀਂ ਆਉਣਾ ਸੀ...
ਜਾ ਸੱਜਣਾ ਤੇਰਾ ਰੱਬ ਰਾਖਾ,
ਅਥਰੂਆਂ ਨੇ ਆਉਣਾ ਸੀ...
ਮੈਂ ਦਿਖਦੀ ਸੀ ਥਾਂ ਬੰਜਰ ਵਰਗੀ,
ਬੂਟਾ ਨਾ ਕੋਈ ਲਾਉਣਾ ਸੀ।
ਗਲੀ ਮੇਰੀ 'ਚੋਂ ਲੰਘ ਜਾਂਦੀ ਜੇ,
ਮੇਰਾ ਕੰਮ ਹੋ ਜਾਣਾ ਸੀ...
ਸਭ ਕੁਝ ਮੈਂ ਭੁੱਲ ਜਾਣਾ ਸੀ,
ਤੂੰ ਯਾਦਾਂ ਵਿੱਚ ਨਹੀਂ ਆਉਣਾ ਸੀ...
ਲੋਕਾਂ ਦਾ ਮੂੰਹ ਕਿਨ੍ਹੇ ਫੜਿਆ,
ਝੂਠਾ ਵੱਡਾ ਜ਼ਮਾਨਾ ਸੀ।
ਅੱਖਾਂ ਨੂੰ ਰੋਣਾ ਲਾ ਦਿੱਤਾ,
ਕੁਝ ਆ ਕੇ ਸਮਝਾਉਣਾ ਸੀ...
ਸਭ ਕੁਝ ਮੈਂ ਭੁੱਲ ਜਾਣਾ ਸੀ,
ਤੂੰ ਯਾਦਾਂ ਵਿੱਚ ਨਹੀਂ ਆਉਣਾ ਸੀ...
ਹੁਣ ਵੀ ਲੱਗਦਾ ਆ ਜਾਵੇਂਗੀ,
ਝੂਠਾ ਤੇਰਾ ਬਹਾਨਾ ਸੀ।
ਪੰਛੀ ਕਿਹੜੇ ਇੱਕ ਥਾਂ ਬਹਿੰਦੇ,
ਉਨ੍ਹਾਂ ਤੇ ਉੱਡ ਜਾਣਾ ਸੀ...
ਸਭ ਕੁਝ ਮੈਂ ਭੁੱਲ ਜਾਣਾ ਸੀ,
ਤੂੰ ਯਾਦਾਂ ਵਿੱਚ ਨਹੀਂ ਆਉਣਾ ਸੀ...
ਪ੍ਰੇਮ ਗੀਤ ਇੱਕ ਲਿਖ ਬੈਠਾ ਸੀ,
ਨਾਲ ਤੇਰੇ ਉਹ ਗਾਉਣਾ ਸੀ।
ਦਰਿਆ ਨੂੰ ਆਖ਼ਰ ਤੇ ਇੱਕ ਦਿਨ,
ਸਾਗਰ ਵਿੱਚ ਮਿਲ ਜਾਣਾ ਸੀ...
ਜਾ ਸੱਜਣਾ ਤੇਰਾ ਰੱਬ ਰਾਖਾ,
ਅਥਰੂਆਂ ਨੇ ਆਉਣਾ ਸੀ...
ਸਭ ਕੁਝ ਮੈਂ ਭੁੱਲ ਜਾਣਾ ਸੀ,
ਤੂੰ ਯਾਦਾਂ ਵਿੱਚ ਨਹੀਂ ਆਉਣਾ ਸੀ...



**– ਕਮਲ ਭਾਸਕਰ**

# ਵਿਅੰਗ: ਰਿਜ਼ਰਵੇਸ਼ਨ ਵਿਚ ਦੋ ਸੀਟਾਂ

ਇੱਕ ਤਾਂ ਸੰਭਾਲੀ ਨਾ ਜਾਵੇ ਮੋਇਆਂ ਤੋਂ,
ਘਰ ਵਿੱਚ ਦੋ-ਦੋ ਸੀਟਾਂ ਦੀ ਗੱਲ ਕਰਦੇ ਓ!
ਆਪਣੀ ਤਾਂ ਇੱਕ ਨਾ ਸਾਂਭੀ ਜਾਵੇ,
ਲੋਕਾਂ ਲਈ ਦੋ-ਦੋ ਸੀਟਾਂ ਰਾਖਵੀਆਂ ਕਰਦੇ ਓ!
ਜਿੰਨੇ ਛੜੇ-ਛੜਾਕ ਨੇਤਾ ਬਣੇ ਫਿਰਦੇ,
ਬੀਜੇਪੀ ਦੇ ਮੰਤਰੀ ਤੇ ਪ੍ਰਧਾਨ ਤੱਕਦੇ,
ਇਹੋ ਜਿਹੇ ਹੀ ਪੁਆੜੇ ਦੀ ਜੜ੍ਹ ਬਣੇ,
ਘਰੋਂ ਭੱਜੇ, ਸਾਨੂੰ ਗਿਆਨ ਵੰਡਦੇ ਓ!
ਮੁਸਲਮਾਨਾਂ ਨੂੰ ਆਖਦੇ - "ਭਾਰਤ ਦਾ ਰੋਲ ਮਾਡਲ ਮੰਨੋ,
ਇੱਕ ਪਤਨੀ ਪ੍ਰਥਾ ਅਪਣਾਓ, ਸੰਤੁਲਨ ਬਣਾਓ"।
ਪਰ ਆਪਣੇ ਘਰ ਦੀ ਥਾਲੀ ਖਾਲੀ,
ਦੂਜੇ ਦੇ ਚੁੱਲ੍ਹੇ 'ਤੇ ਰੋਟੀ ਲਾਉਣ ਜਾਂਦੇ ਓ!
ਇੱਕ ਤਾਂ ਸੰਭਾਲੀ ਨਾ ਜਾਵੇ ਮੋਇਆਂ ਤੋਂ,
ਘਰ ਵਿੱਚ ਦੋ-ਦੋ ਸੀਟਾਂ ਦੀ ਗੱਲ ਕਰਦੇ ਓ!
ਬੀਜੇਪੀ 'ਚ ਵੱਡੇ-ਵੱਡੇ ਛੜੇ ਨਾਮਵਰ ਹੋਏ,
ਅਟਲ ਬਿਹਾਰੀ ਵਾਜਪਾਈ, ਅਡਵਾਨੀ ਜਿਹੇ ਸੋਹੇ।
ਥੱਲੇ ਵਰਕਰਾਂ ਦੀ ਲਿਸਟ ਤਾਂ ਲੰਮੀ ਏ ਬਥੇਰੀ,
ਔਰਤ ਦੇ ਨਾਂ ਤੋਂ ਹੀ ਕੰਬਣ ਲੱਗਦੇ ਓ!
ਛੜਿਆਂ ਦੀ ਜੂਨ ਤਾਂ ਭਾਈ ਬੁਰੀ ਏ,
ਕੋਈ ਡਰਦੀ ਚੀਜ਼ ਮੰਗਣ ਨਾ ਆਵੇ।
ਔਰਤ ਨਾਲ ਵਾਹ ਪਿਆ ਹੀ ਮਾੜਾ,
ਫੇਰ ਡਬਲ ਰਿਜ਼ਰਵੇਸ਼ਨ ਦੀ ਫੂਕ ਛਕਾਉਂਦੇ ਓ!
ਇੱਕ ਤਾਂ ਸੰਭਾਲੀ ਨਾ ਜਾਵੇ ਮੋਇਆਂ ਤੋਂ,
ਘਰ ਵਿੱਚ ਦੋ-ਦੋ ਸੀਟਾਂ ਦੀ ਗੱਲ ਕਰਦੇ ਓ!
ਇਕਹਿਰੀਆਂ ਹੀ ਮਾਣ ਨਹੀਂ ਹੁੰਦੀਆਂ,
ਤੁਸੀਂ ਦੂਹਰੀ ਫੂਕ ਛਕਾ ਦਿੱਤੀ ਏ।
ਵੋਟਾਂ ਬਟੋਰਨ ਦੇ ਚੱਕਰ ਵਿੱਚ ਸਾਰਾ,
ਢੱਕਵੰਝ ਰਚਾਈ ਬੈਠੇ ਓ!
ਦੂਜੇ ਦੇ ਰਾਹ ਵਿੱਚ ਕੰਡੇ ਵਿਛਾਉਂਦੇ,
ਆਪ ਹੀ ਇੱਕ ਦਿਨ ਚੁਗਣੇ ਪੈਣਗੇ।
ਚੋਣ ਕਮਿਸ਼ਨ ਵੀ ਜ਼ੋਰ ਲਾ ਰਿਹਾ,
"ਔਰਤਾਂ ਨੂੰ ਪੂਰਾ ਹੱਕ ਮਿਲੇ" - ਢੰਡੋਰਾ ਪਿੱਟਦੇ ਓ!
ਇੱਕ ਤਾਂ ਸੰਭਾਲੀ ਨਾ ਜਾਵੇ ਮੋਇਆਂ ਤੋਂ,
ਘਰ ਵਿੱਚ ਦੋ-ਦੋ ਸੀਟਾਂ ਦੀ ਗੱਲ ਕਰਦੇ ਓ!
ਅਮਰਜੀਤ ਸਿੰਘ ਤੂਰ ਆਖੇ ਗੱਲ ਸੁਣ ਲਓ,
ਪਹਿਲਾਂ ਆਪਣਾ ਘਰ ਤਾਂ ਸੰਭਾਲ ਲਓ।
ਰਾਖਵੀਆਂ ਸੀਟਾਂ ਦਾ ਲਾਰਾ ਲਾਉਣ ਨਾਲੋਂ,
ਇੱਕ ਔਰਤ ਦਾ ਦਿਲ ਤਾਂ ਸੰਭਾਲ ਲਓ!



**– ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾਂ, ਜ਼ਿਲ੍ਹਾ ਪਟਿਆਲਾ**
**ਹਾਲ-ਆਬਾਦ #639/40ਏ, ਚੰਡੀਗੜ੍ਹ**
**ਫੋਨ: 9878469639**

# ਪਹਿਲਾਂ ਬਣੋ ਇਨਸਾਨ...

ਧਰਮ ਦੀ ਫੋਕੀ ਸ਼ਾਨ ਲਈ, ਕਰੋ ਨਾ ਖਲਕਤ ਦਾ ਘਾਣ।
ਨਾ ਹਿੰਦੂ ਨਾ ਮੁਸਲਮਾਨ, ਲੋਕੋ ਪਹਿਲਾਂ ਬਣੋ ਇਨਸਾਨ।
ਮੂਰਖ ਬਣ ਕੇ ਢੋਲਾਂ ਉੱਪਰ, ਕਿਉਂ ਲਾਉਂਦੇ ਫਿਰਦੇ ਡੱਗੇ।
ਮਜ਼੍ਹਬ ਹੁੰਦਾ ਏ ਜੋੜਨ ਦੇ ਲਈ, ਕਿਉਂ ਤੋੜਨ ਤੇ ਹੋ ਲੱਗੇ।
ਨਿਰਦੋਸ਼ਾਂ ਦੀ ਬਲੀ ਜੋ ਲੈਂਦਾ, ਉਹ ਕਾਹਦਾ ਭਗਵਾਨ।
ਨਾ ਹਿੰਦੂ ਨਾ ਮੁਸਲਮਾਨ, ਜੇ ਬਣਨਾ ਤਾਂ ਬਣੋ ਇਨਸਾਨ।
ਗੁੰਡੇ ਦਾ ਕੋਈ ਧਰਮ ਨੀ ਹੁੰਦਾ, ਅੱਤਵਾਦੀ ਦੀ ਨਾ ਜਾਤ।
ਕਦੇ ਕਿਸੇ ਦੇ ਸਕੇ ਨਾ ਹੁੰਦੇ, ਜੋ ਪਾਉਂਦੇ ਹਿੰਸਾ ਦੀ ਬਾਤ।
ਦੇਵ ਪੈਗੰਬਰਾਂ ਸੰਤ ਫਕੀਰਾਂ ਓਹਲੇ, ਲੁਕੇ ਬੈਠੇ ਨੇ ਸ਼ੈਤਾਨ।
ਨਾ ਹਿੰਦੂ ਨਾ ਮੁਸਲਮਾਨ, ਲੋਕੋ ਪਹਿਲਾਂ ਬਣੋ ਇਨਸਾਨ।
ਸ਼ਸ਼ਕੇਰ ਕੇ 'ਹੇਠਾਂ ਵਾਲਿਆਂ' ਨੂੰ, 'ਉਤਲੇ' ਲੁੱਟਦੇ ਮੌਜਾਂ।
ਕੱਢੇ ਮੂੰਹੋਂ ਬੋਲ ਪੁਗਾਉਂਦੀਆਂ, ਮੁਫ਼ਤ ਦੀਆਂ ਜੋ 'ਫੌਜਾਂ'।
ਪਲਾਂ-ਛਿਣਾਂ ਵਿੱਚ ਧਰਤੀ ਨੂੰ, ਬਣਾ ਦਿੰਦੀਆਂ ਸ਼ਮਸ਼ਾਨ।
ਨਾ ਹਿੰਦੂ ਨਾ ਮੁਸਲਮਾਨ, ਲੋਕੋ ਪਹਿਲਾਂ ਬਣੋ ਇਨਸਾਨ।
ਰਾਮ ਰਾਜ ਦਾ ਹੋਕਾ ਦੇ ਕੇ, 'ਰਾਖਸ਼' ਗੱਦੀ ਬਹਿ ਗਏ।
ਕੋਝੀਆਂ ਚਾਲਾਂ ਚੱਲਣ ਲੱਗੇ, ਜਦ ਮਨਾਂ 'ਚੋਂ ਲਹਿ ਗਏ।
ਲਾਸ਼ਾਂ ਦਾ ਮੁੱਲ ਵੱਟਣ ਨੂੰ, ਇਹ ਸਮਝਣ ਆਪਣੀ ਸ਼ਾਨ।
ਨਾ ਹਿੰਦੂ ਨਾ ਮੁਸਲਮਾਨ, ਲੋਕੋ ਪਹਿਲਾਂ ਬਣੋ ਇਨਸਾਨ।
ਬਾਹਲੇ ਆਸਤਿਕਾਂ ਗਰਜਿੰਦਰਾ, ਜੀਣਾ ਔਖਾ ਕਰਿਆ।
ਮਰਜ਼ੀ ਨਾ' ਸੌਣਾ ਕਿਧਰੇ, ਖਾਣਾ-ਪੀਣਾ ਔਖਾ ਕਰਿਆ।
ਨਾਲ ਅਮਨ ਜੋ ਰਹਿਣਾ ਚਾਹੰਦੇ, ਕਿੱਧਰ ਨੂੰ ਉਹ ਜਾਣ।
ਨਾ ਹਿੰਦੂ ਨਾ ਮੁਸਲਮਾਨ, ਲੋਕੋ ਪਹਿਲਾਂ ਬਣੋ ਇਨਸਾਨ।



**ਗੁਰਜਿੰਦਰ ਸਿੰਘ ਸਾਹਦੜਾ**
**9815302341**

# ਜਨਮਦਿਨ ਮੁਬਾਰਕ



**ਮੰਨਤ ਕੌਰ ਰੰਧਾਵਾ**
**ਜੀਆ ਕੌਰ ਰੰਧਾਵਾ**
**ਪਿਤਾ:- ਯਾਦਵਿੰਦਰ ਸਿੰਘ**
**ਮਾਤਾ:-ਅਮਨਦੀਪ ਕੌਰ**

# ਸੱਭਿਆਚਾਰਕ ਦੇ ਨਾਲ ਨਾਲ ਰਾਜਨੀਤੀ ਵਿਚ ਵੀ ਸਰਗਰਮ ਨੇ :- ਲੋਕ ਗਾਇਕ ਰਣਜੀਤ ਰਾਣਾ ਕੰਮੇਆਣਾ

**ਫ਼ਰੀਦਕੋਟ ( ਸ਼ਿਵਨਾਥ)** ਅੱਜ ਪੰਜਾਬੀ ਲੋਕ ਗਾਇਕੀ ਨਾਲ ਪੰਜਾਬੀ ਸੱਭਿਆਚਾਰ ਦੀ ਤਾਂ ਸੇਵਾ ਕਰ ਰਹੇ ਨੇ , ਨਾਲ ਨਾਲ ਰਾਜਨੀਤੀ ਵਿਚ ਵੀ ਆਪਣਾ ਮੁੱਢਲਾ ਯੋਗਦਾਨ ਪਾ ਰਹੇ , ਚਰਚਿਤ ਸੂਖਮ ਸੋਚ ਦੇ ਮਾਲਕ ਲੋਕ ਗਾਇਕ ਰਣਜੀਤ ਰਾਣਾ। ਪਿਛਲੇ ਦਿਨੀ ਪੰਜਾਬ ਸਰਕਾਰ ਵੱਲੋ ਓਨਾਂ ਦੀ ਆਮ ਆਦਮੀ ਪਾਰਟੀ ਪ੍ਰਤੀ ਚੰਗੀ ਕਾਰਗੁਜ਼ਾਰੀ ਨੂੰ ਦੇਖਦੇ ਹੋਏ "ਵਾਈਸ ਕੋਆਡੀਨੇਟਰ" ਦੇ ਅਹੁਦੇਦਾਰ ਲਈ ਚੁਣਿਆ ਗਿਆ। ਪਿਛਲੀ ਸਮੈਂ ਦੌਰਾਨ ਓਨਾਂ ਨੇ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਤਹਿਤ ਅਹਿਮ ਭੂਮਿਕਾ ਨਿਭਾਈ। ਜੋ ਵੀ ਪਾਰਟੀ ਵੱਲੋ ਜਿੰਮੇਵਾਰੀ ਦਿੱਤੀ ਗਈ, ਉਸ ਨੂੰ ਤਨ ਮਨ ਨਾਲ ਨਿਭਾਇਆ। ਓਨਾਂ ਪ੍ਰੈਸ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਓਹ ਪੰਜਾਬ ਸਰਕਾਰ ਦੇ ਦਿਲੋ ਰਿਣੀ ਹਨ ਕਿ ਓਨਾਂ ਨੂੰ ਜੋ ਮਾਣ ਬਖਸ਼ਿਆ, ਮੈ ਦਿਲ ਜਾਨ ਨਾਲ ਆਪਣਾ ਬਣਦਾ ਫਰਜ਼ ਸਮਝ ਨਿਭਾਵਾਂਗਾ ਤੇ ਪਾਰਟੀ ਪ੍ਰਤੀ ਮੇਰੀ ਵਫਾਦਾਰੀ ਇਸ ਤਰਾਂ ਹੀ ਸਾਨਦਾਰ ਤੇ ਕਾਇਮ ਰਹੇਗੀ । ਮੈ ਪੰਜਾਬ ਸਰਕਾਰ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਦੇ ਕੰਮਾਂ ਦੀ ਸਲਾਹੁਤਾ ਕਰਦਾ ਹਾਂ ਕਿ ਜੋ ਪੰਜਾਬ ਸਰਕਾਰ



ਵੱਲੋ ਗੁਰੂ ਗ੍ਰੰਥ ਸਹਿਬ ਦੀ ਬੇਅਦਬੀ ਪ੍ਰਤੀ ਸਖਤ ਕਾਨੂੰਨ ਬਣਾਏ ਗਏ ਹਨ , ਓਹ ਸਲਾਹੁਣਯੋਗ ਹਨ । ਮੈ ਸਮੁੱਚੀ ਸਿੱਖ ਸੰਗਤ ਵੱਲੋ ਧੰਨਵਾਦ ਕਰਦਾ ਹਾਂ ਤੇ ਅੱਗੇ ਤੋ ਵੀ ਮੈ ਆਸ ਕਰਦਾ ਹਾਂ, ਪੰਜਾਬ ਦੀ ਭਲਾਈ ਲਈ "ਆਮ ਆਦਮੀ ਪਾਰਟੀ " ਦੀ ਸਰਕਾਰ ਵਧ ਚੜ੍ਹ ਕੇ ਯੋਗਦਾਨ ਪਾਉਂਦੀ ਰਹੇਗੀ।

# ਜ਼ਿਲ੍ਹੇ ਵਿੱਚ 09 ਮਈ 2026 ਨੂੰ ਲੱਗੇਗੀ ਕੌਮੀ ਲੋਕ ਅਦਾਲਤ – ਜ਼ਿਲ੍ਹਾਂ ਅਤੇ ਸ਼ੈਸਨ ਜੱਜ ਸ੍ਰੀਮਤੀ ਪ੍ਰਿਆ ਸੂਦ

**ਨਵਾਂਸ਼ਹਿਰ 24 ਅਪ੍ਰੈਲ(ਜਤਿੰਦਰ ਪਾਲ ਸਿੰਘ ਕਲੇਰ** ) ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਅਤੇ ਮਾਣਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ. ਏ. ਐਸ. ਨਗਰ ਜੀਆਂ ਦੇ ਪ੍ਰਾਪਤ ਹੁਕਮਾਂ ਤਹਿਤ ਜਿਲ੍ਹਾਂ ਅਤੇ ਸੈਸ਼ਨ ਜੱਜ, ਸ਼ਹੀਦ ਭਗਤ ਸਿੰਘ ਨਗਰ ਸ੍ਰੀਮਤੀ ਪ੍ਰਿਆ ਸੂਦ ਵੱਲੋ ਦੱਸਿਆ ਗਿਆ ਕਿ ਜ਼ਿਲ੍ਹੇ ਵਿੱਚ 09 ਮਈ 2026 ਨੂੰ ਕੌਮੀ ਲੋਕ ਅਦਾਲਤ ਲਗਾਈ ਜਾਵੇ ਗਈ । ਜਿਲ੍ਹਾਂ ਅਤੇ ਸੈਸ਼ਨ ਜੱਜ, ਸ਼ਹੀਦ ਭਗਤ ਸਿੰਘ ਨਗਰ ਸ੍ਰੀਮਤੀ ਪ੍ਰਿਆ ਸੂਦ ਵੱਲੋ ਦੱਸਿਆ ਕਿ ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੇ ਨਿਰਦੇਸ਼ਾਂ ਅਨੁਸਾਰ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ , ਐਸ.ਏ.ਐਸ ਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਦਾਲਤੀ ਤੇ ਪ੍ਰੀ-ਲਿਟੀਗੇਟਿਵ ਪੜਾਅ ਤੇ ਆਏ ਰਾਜੀਨਾਮਾ ਹੋਣ ਯੋਗ ਕੇਸਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕਰਨ ਲਈ ਜ਼ਿਲੇ ਵਿੱਚ



09.05.2026 ਨੂੰ ਕੌਮੀ ਲੋਕ ਅਦਾਲਤ ਲਗਾਈ ਜਾਵੇਗੀ । ਉਨਾਂ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿੱਚ ਪੈਨਸ਼ਨ ਕੇਸ ਸਮੇਤ ਸੇਵਾਵਾਂ ਦੇ ਕੇਸ, ਜਮੀਨ ਗ੍ਰਹਿਣ ਦੇ ਕੇਸ, ਰੈਵਿਨਿਊ ਦੇ ਕੇਸ, ਬੀ.ਐਸ.ਐਨ.ਐਲ ਦੇ ਕੇਸ, ਬੀਮਾ ਕੰਪਨੀ ਦੇ ਨਾਲ ਸਬੰਧਤ ਕੇਸ, ਵਿੱਤੀ ਫਾਂਈਨਾਸ ਦੇ ਕੇਸ, ਧਾਰਾ 138 ਅਧੀਨ ਐਨਆਈ ਐਕਟ ਕੇਸ, ਪੈਸੇ ਦੀ ਵਸੂਲੀ ਦੇ ਕੇਸ, ਬੈਕ ਲੋਨ ਨਾਲ ਸਬੰਧਤ ਕੇਸ, ਪਾਣੀ ਦੇ ਬਿੱਲ, ਕ੍ਰਿਮੀਨਲ ਕਪਾਊਂਡੇਬਲ ਕੇਸ, ਚੈਂਕ ਬਾਉਸ ਨਾਲ ਸਬੰਧਿਤ ਕੇਸ, ਮੋਟਰ ਐਕਸੀਡੈਟ ਕਲੇਮ ਕੇਸ, ਟ੍ਰਿਬਿਊਨਲ ਨਾਲ ਸਬੰਧਿਤ ਕੇਸ, ਵਿਵਾਹਿਤ ਝਗੜੇ, ਟ੍ਰੈਫਿਕ ਚਲਾਨ, ਲੇਬਰ ਵਿਵਾਦ ਦੇ ਕੇਸ, ਜਨਤਕ ਉਪਯੋਗਤਾ ਸੇਵਾਵਾਂ ਨਾਲ ਸਬੰਧਤ ਵਿਵਾਦ ਜਿਵੇਂ ਕਿ ਬਿਜਲੀ ਅਤੇ ਪਾਣੀ ਦੇ ਬਿੱਲਾਂ ਦੇ ਕੇਸ ਅਤੇ ਹੋਰ ਰਾਜੀਨਾਮਾ ਯੋਗ ਕੇਸਾਂ ਦੀ ਸੁਣਵਾਈ ਕੀਤੀ ਜਾਵੇਗੀ । ਇਸ ਤੋਂ ਇਲਾਵਾ ਉਨਾਂ ਕਿਹਾ ਕਿ ਕੌਮੀ ਲੋਕ ਅਦਾਲਤ ਵਿੱਚ ਕੇਸ ਲਗਾਉਣ ਲਈ ਜੇਕਰ ਕੋਈ ਪ੍ਰੇਸ਼ਾਨੀ ਆਉਦੀ ਹੈ ਤਾਂ ਦਫਤਰ ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਅਤੇ ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਸਪੈਸ਼ਲ ਲੋਕ ਅਦਾਲਤ ਜੋ ਕਿ ਮਿਤੀ 18.07.2026 ਅਤੇ 21.11.2026 ਨੂੰ ਵਿਸ਼ੇਸ ਕਰਕੇ 138 ਐਨਆਈ ਐਕਟ ਦੇ ਕੇਸਾਂ ਦੇ ਸੰਬੰਧ ਵਿਚ ਲਗਾਈ ਜਾਣੀਆਂ ਹਨ ਅਤੇ ਦਫਤਰ ਦੇ ਨੰਬਰ 01823-223511 ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ ।

# ਕਾਂਗਰਸ ਨੂੰ ਲੱਗਿਆ ਵੱਡਾ ਝਟਕਾ ਯੁਵਾ ਆਗੂ ਸੂਰਿਆ ਮਨੀ ਜੈਨ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ

## ਵਾਰਡ ਨੰਬਰ 6 ਦੇ ਪ੍ਰਧਾਨ ਵਜੋਂ ਹੋਈ ਨਿਯੁਕਤੀ, ਹਲਕਾ ਇੰਚਾਰਜ ਅਤੇ ਸਰਕਲ ਪ੍ਰਧਾਨ ਨੇ ਕੀਤਾ ਨਿੱਘਾ ਸਵਾਗਤ

**ਹੁਸ਼ਿਆਰਪੁਰ 24 ਅਪ੍ਰੈਲ ( ਤਰਸੇਮ ਦੀਵਾਨਾ )** - ਸ਼੍ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਵੱਡੀ ਮਜ਼ਬੂਤੀ ਮਿਲੀ ਜਦੋਂ ਇਲਾਕੇ ਦੇ ਯੁਵਾ ਆਗੂ ਸੂਰਿਆ ਮਨੀ ਜੈਨ ਨੇ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਕੇ ਸ਼੍ਰੋਮਣੀ ਅਕਾਲੀ ਦਲ ਦਾ ਪੱਲਾ ਫੜ ਲਿਆ। ਪਾਰਟੀ ਵਿੱਚ ਸ਼ਾਮਲ ਹੋਣ 'ਤੇ ਹਲਕਾ ਇੰਚਾਰਜ ਸੰਜੀਵ ਤਲਵਾੜ ਅਤੇ ਹੋਰ ਸੀਨੀਅਰ ਆਗੂਆਂ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ।

ਸੂਰਿਆ ਮਨੀ ਜੈਨ ਦੀਆਂ ਸਮਾਜਿਕ ਸੇਵਾਵਾਂ ਨੂੰ ਦੇਖਦੇ ਹੋਏ, ਸਰਕਲ ਬਹਾਦਰਪੁਰ ਦੇ ਪ੍ਰਧਾਨ ਹਰਪ੍ਰੀਤ ਪਿੰਟੂ ਵੱਲੋਂ ਉਨ੍ਹਾਂ ਨੂੰ ਵਾਰਡ ਨੰਬਰ 6 ਦਾ ਵਾਰਡ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

ਇਸ ਮੌਕੇ ਹਲਕਾ ਇੰਚਾਰਜ ਨੇ ਵਧਾਈ ਦਿੰਦਿਆਂ ਕਿਹਾ, "ਸੂਰਿਆ ਮਨੀ ਜੈਨ ਵਰਗੇ ਮਿਹਨਤੀ ਨੌਜਵਾਨਾਂ ਦੇ ਆਉਣ ਨਾਲ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਬਹੁਤ ਮਜ਼ਬੂਤੀ ਮਿਲੇਗੀ। ਉਨ੍ਹਾਂ ਦਾ ਜਜ਼ਬਾ ਵਾਰਡ ਨੰਬਰ 6 ਵਿੱਚ ਪਾਰਟੀ ਦੀਆਂ



ਗਤੀਵਿਧੀਆਂ ਨੂੰ ਨਵੀਂ ਉਚਾਈ 'ਤੇ ਲੈ ਕੇ ਜਾਵੇਗਾ।"

ਉਨਾਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਪੰਜਾਬ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਵਚਨਬੱਧ ਹੈ ਅਤੇ ਨਵੇਂ ਆਗੂਆਂ ਦੇ ਸਹਿਯੋਗ ਨਾਲ ਇਹ ਕਾਫਲਾ ਹੋਰ ਵੀ ਵੱਡਾ ਹੋਵੇਗਾ।

ਨਵ-ਨਿਯੁਕਤ ਵਾਰਡ ਪ੍ਰਧਾਨ ਸੂਰਿਆ ਮਨੀ ਜੈਨ ਨੇ ਪਾਰਟੀ ਹਾਈਕਮਾਂਡ ਅਤੇ ਹਲਕਾ ਇੰਚਾਰਜ ਸੰਜੀਵ ਤਲਵਾੜ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਉਨ੍ਹਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣਗੇ। ਇਸ ਮੌਕੇ ਜ਼ਿਲ੍ਹਾ ਵਾਈਸ ਪ੍ਰਧਾਨ ਹਰਭਜਨ ਸਿੰਘ ਐਸਸੀ ਮੋਰਚਾ ਦੇ ਸਿਟੀ ਪ੍ਰਧਾਨ ਸੰਜੀਵ ਥਾਪਰ ਬਹਾਦਰ ਪੁਲਿਸ ਸਰਕਲ ਦੇ ਪ੍ਰਧਾਨ ਹਰਪ੍ਰੀਤ ਸਿੰਘ ਅਤੇ ਹੋਰ ਉੱਗੇ ਪਾਰਟੀ ਵਰਕਰ ਮੌਜੂਦ ਸਨ।

**ਫੋਟੋ ਅਜਮੇਰ ਦੀਵਾਨਾ**

# ਆਮ ਆਦਮੀ ਪਾਰਟੀ ਦੇ ਰਾਜ ਵਿੱਚ ਪੰਜਾਬ ਦੀਆਂ ਮਹਿਲਾਵਾਂ ਅਸੁਰੱਖਿਅਤ : ਨੀਤੀ ਤਲਵਾੜ

**ਅੰਜੂ ਵਾਲਾ ਵਾਰਡ 23 , ਅੱਤੇ ਮੀਨਾ ਰਾਣੀ ਵਾਰਡ ਨੂੰ 21 ਦੀ ਵਾਰਡ ਪ੍ਰਧਾਨ ਨਿਯੁਕਤ**

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** - ਸ਼੍ਰੋਮਣੀ ਅਕਾਲੀ ਦਲ ਦੀ ਮਹਿਲਾ ਨੇਤਰੀ ਨੀਤੀ ਤਲਵਾੜ ਨੇ ਅੱਜ ਵਾਰਡ ਨੰਬਰ 21 ਵਿਖੇ ਮਹਿਲਾਵਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਆਮ ਆਦਮੀ ਪਾਰਟੀ ਦੀ ਸਰਕਾਰ ਉੱਤੇ ਤਿੱਖੇ ਹਮਲੇ ਕੀਤੇ। ਉਨ੍ਹਾਂ ਕਿਹਾ ਕਿ 'ਬਦਲਾਅ' ਦੇ ਨਾਅਰੇ ਨਾਲ ਸੱਤਾ ਵਿੱਚ ਆਈ ਇਸ ਸਰਕਾਰ ਨੇ ਪੰਜਾਬ ਦੀਆਂ ਮਾਵਾਂ-ਭੈਣਾਂ ਨੂੰ ਚਿੰਤਾ ਅਤੇ ਅਸੁਰੱਖਿਆ ਦੇ ਮਾਹੌਲ ਵਿੱਚ ਧੱਕ ਦਿੱਤਾ ਹੈ। ਨੀਤੀ ਤਲਵਾੜ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਮਹਿੰਗਾਈ ਦੇ ਕਾਰਨ ਘਰੇਲੂ ਰਸੋਈ ਦਾ ਬਜਟ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ ਅਤੇ ਮਹਿਲਾਵਾਂ ਲਈ ਘਰ ਚਲਾਉਣਾ ਮੁਸ਼ਕਿਲ ਹੋ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਦੇ ਵਾਅਦੇ ਸਿਰਫ਼ ਕਾਗਜ਼ਾਂ ਤੱਕ ਹੀ ਸੀਮਿਤ ਰਹਿ ਗਏ ਹਨ। ਉਨ੍ਹਾਂ ਨੇ ਸੂਬੇ ਦੀ ਕਾਨੂੰਨ-ਵਿਵਸਥਾ 'ਤੇ



ਵੀ ਗੰਭੀਰ ਸਵਾਲ ਚੁੱਕਦੇ ਹੋਏ ਕਿਹਾ ਕਿ ਪੰਜਾਬ ਵਿੱਚ ਗੈਂਗਸਟਰ ਰਾਜ ਅਤੇ ਡਰ ਦਾ ਮਾਹੌਲ ਬਣ ਚੁੱਕਾ ਹੈ। "ਅੱਜ ਹਰ ਮਹਿਲਾ ਨੂੰ ਆਪਣੇ ਪਰਿਵਾਰ ਦੀ ਸੁਰੱਖਿਆ ਦੀ ਚਿੰਤਾ ਲੱਗੀ ਰਹਿੰਦੀ ਹੈ ਕਿ ਉਸਦਾ ਕਮਾਉਣ ਵਾਲਾ ਜੀਅ ਸੁਰੱਖਿਅਤ ਘਰ ਵਾਪਸ ਆਵੇਗਾ ਜਾਂ ਨਹੀਂ,"? ਨਸ਼ਿਆਂ ਦੇ ਮੁੱਦੇ 'ਤੇ ਬੋਲਦੇ ਹੋਏ ਤਲਵਾੜ ਨੇ ਕਿਹਾ ਕਿ ਸਰਕਾਰ ਨਸ਼ਾ ਰੋਕਣ ਵਿੱਚ ਨਾਕਾਮ ਰਹੀ ਹੈ ਅਤੇ ਇਸ ਕਾਰਨ ਮਾਵਾਂ ਆਪਣੇ ਨੌਜਵਾਨ ਬੱਚਿਆਂ ਦੇ ਭਵਿੱਖ ਲਈ ਚਿੰਤਤ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਮਾਂ ਅੱਜ ਆਪਣੇ ਪੁੱਤਰ ਦੀ ਸਲਾਮਤੀ ਲਈ ਅਰਦਾਸਾਂ ਕਰਨ ਲਈ ਮਜਬੂਰ ਹੈ। ਅੰਤ ਵਿੱਚ, ਨੀਤੀ ਤਲਵਾੜ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਦੀ ਖੁਸ਼ਹਾਲੀ, ਅਮਨ-ਸ਼ਾਂਤੀ ਅਤੇ ਨੌਜਵਾਨੀ ਨੂੰ ਬਚਾਉਣ ਲਈ ਸ਼੍ਰੋਮਣੀ ਅਕਾਲੀ ਦਲ ਦਾ ਸਾਥ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਹੀ ਪੰਜਾਬ ਦੀ ਉਹ ਪਾਰਟੀ ਹੈ ਜੋ ਹਮੇਸ਼ਾ ਲੋਕਾਂ ਦੇ ਹੱਕਾਂ ਲਈ ਲੜਦੀ ਆਈ ਹੈ। ਇਸ ਮੌਕੇ ਅੰਜੂ ਵਾਲਾ ਨੂੰ ਵਾਰਡ 23 , ਅੱਤੇ ਮੀਨਾ ਰਾਣੀ ਨੂੰ ਵਾਰਡ ਨੂੰ 21 ਦੀ ਵਾਰਡ ਪ੍ਰਧਾਨ ਨਿਯੁਕਤ ਕੀਤਾ ਇਸ ਮੌਕੇ ਨਰਿੰਦਰ ਸਿੰਘ, ਸੰਜੀਵ ਥਾਪਰ, ਅਤੇ ਹੋਰ ਅਕਾਲੀ ਵਰਕਰ ਮੌਜੂਦ ਸਨ।

**ਫੋਟੋ ਅਜਮੇਰ ਦੀਵਾਨਾ**

# ਐਚ.ਡੀ.ਸੀ.ਏ. ਦੀ ਸਾਨਾ ਅੰਸਾਰੀ ਦਾ ਆਈ.ਸੀ.ਐਸ.ਈ. ਬੋਰਡ ਦੀ ਅੰਡਰ-17 ਨੈਸ਼ਨਲ ਟੀਮ ਵਿੱਚ ਚੋਣ: ਡਾ. ਰਮਨ ਘਈ

**ਹੁਸ਼ਿਆਰਪੁਰ 23 ਅਪ੍ਰੈਲ (ਤਰਸੇਮ ਦੀਵਾਨਾ)** - ਐਚ.ਡੀ.ਸੀ.ਏ. ਸੈਂਟਰ ਵਿੱਚ ਸਿਖਲਾਈ ਲੈ ਰਹੀ ਸੰਤ ਬਾਬਾ ਹਰੀ ਸਿੰਘ ਜੀ ਮਾਡਲ ਸਕੂਲ ਮਾਹਿਲਪੁਰ ਵਿੱਚ ਸੱਤਵੀਂ ਜਮਾਤ ਦੀ ਵਿਦਿਆਰਥਣ ਸਾਨਾ ਅੰਸਾਰੀ ਦਾ ਅੰਡਰ-17 ਆਈ.ਸੀ.ਐਸ.ਈ. ਬੋਰਡ ਦੀ ਨੈਸ਼ਨਲ ਟੀਮ ਵਿੱਚ ਚੋਣ ਹੋਣ ਨਾਲ ਐਚ.ਡੀ.ਸੀ.ਏ. ਵਿੱਚ ਖੁਸ਼ੀ ਦੀ ਲਹਿਰ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਚ.ਡੀ.ਸੀ.ਏ. ਸਕੱਤਰ ਡਾ. ਰਮਨ ਘਈ ਨੇ ਦੱਸਿਆ ਕਿ ਸਾਨਾ ਅੰਸਾਰੀ ਦੀ ਇਸ ਪ੍ਰਾਪਤੀ ਨਾਲ ਦਿਹਾਤੀ ਖੇਤਰ ਨਾਲ ਜੁੜੀਆਂ ਕੁੜੀਆਂ ਦੀ ਖੇਡਾਂ ਪ੍ਰਤੀ ਰੁਚੀ ਵਧੇਗੀ ਅਤੇ ਉਨ੍ਹਾਂ ਦੇ ਅੰਦਰ ਵੀ ਕੁਝ ਕਰਨ ਦਾ ਜਜ਼ਬਾ ਪੈਦਾ ਹੋਵੇਗਾ। ਉਨ੍ਹਾਂ ਕਿਹਾ ਕਿ ਐਚ.ਡੀ.ਸੀ.ਏ. ਦੀ ਇਹ ਖਿਡਾਰਨ ਪਿਛਲੇ ਤਿੰਨ ਸਾਲਾਂ




ਤੋਂ ਸਿਖਲਾਈ ਲੈ ਰਹੀ ਹੈ ਅਤੇ ਅੰਡਰ-15 ਵਿੱਚ ਵਧੀਆ ਪ੍ਰਦਰਸ਼ਨ ਕਰ ਚੁੱਕੀ ਹੈ। ਡਾ. ਘਈ ਨੇ ਦੱਸਿਆ ਕਿ ਸਾਨਾ ਅੰਸਾਰੀ ਹੁਸ਼ਿਆਰਪੁਰ ਦੀ ਨੌਜਵਾਨ ਹੋਣਹਾਰ ਕ੍ਰਿਕਟ ਖਿਡਾਰਨ ਹੈ ਅਤੇ ਜਿਸ ਮਿਹਨਤ ਅਤੇ ਲਗਨ ਨਾਲ ਉਹ ਐਚ.ਡੀ.ਸੀ.ਏ. ਦੇ ਜ਼ਿਲ੍ਹਾ ਮਹਿਲਾ ਸੀਨੀਅਰ ਕੋਚ ਦਵਿੰਦਰ ਕੌਰ ਕਲਿਆਣ, ਜੂਨੀਅਰ ਕੋਚ ਨਿਕਿਤਾ ਕੁਮਾਰੀ ਅਤੇ ਟ੍ਰੇਨਰ ਕੁਲਦੀਪ ਧਾਮੀ ਦੀ ਦੇਖ-ਰੇਖ ਹੇਠ ਸਿਖਲਾਈ ਲੈ ਰਹੀ ਹੈ, ਆਉਣ ਵਾਲੇ ਸਮੇਂ ਵਿੱਚ ਉਹ ਕ੍ਰਿਕਟ ਵਿੱਚ ਹੁਸ਼ਿਆਰਪੁਰ ਦਾ ਨਾਮ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਰੌਸ਼ਨ ਕਰੇਗੀ। ਸਾਨਾ ਦੇ ਚੋਣ 'ਤੇ ਐਚ.ਡੀ.ਸੀ.ਏ. ਪ੍ਰਧਾਨ ਡਾ. ਦਲਜੀਤ ਖੇਲਾ, ਜ਼ਿਲ੍ਹਾ ਕੋਚ ਦਲਜੀਤ ਸਿੰਘ, ਕੋਚ ਪਰਵੀਨ ਕੁਮਾਰ, ਕੋਚ ਦਲਜੀਤ ਧੀਮਾਨ, ਕੋਚ ਦਿਨੇਸ਼ ਸ਼ਰਮਾ, ਕੋਚ ਪੰਕਜ ਪਿੰਕਾ ਆਦਿ ਨੇ ਵੀ ਆਪਣੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਵਧਾਈ ਦਿੱਤੀ।

**ਫੋਟੋ ਅਜਮੇਰ ਦੀਵਾਨਾ**

# ਆਰ.ਸੀ.ਐਚ.-2 ਅਤੇ ਏ.ਬੀ.ਡੀ.ਐਮ. ਸੰਬੰਧੀ ਟ੍ਰੇਨਿੰਗ ਦਾ ਵਿਸਥਾਰਪੂਰਵਕ ਆਯੋਜਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਿਹਤ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਸਿਵਲ ਸਰਜਨ ਹੁਸ਼ਿਆਰਪੁਰ ਡਾ. ਮਨਦੀਪ ਕਮਲ ਦੀ ਅਗਵਾਈ ਹੇਠ ਸਿਵਲ ਸਰਜਨ ਦਫ਼ਤਰ ਦੇ ਟ੍ਰੇਨਿੰਗ ਹਾਲ, ਹੁਸ਼ਿਆਰਪੁਰ ਵਿੱਚ ਪ੍ਰਜਨਨ ਅਤੇ ਬੱਚਿਆਂ ਦੀ ਸਿਹਤ ਕਾਰਜਕ੍ਰਮ (ਆਰ.ਸੀ.ਐਚ.-2) ਅਤੇ ਆਯੁਸ਼ਮਾਨ ਭਾਰਤ ਡਿਜ਼ੀਟਲ ਮਿਸ਼ਨ (ਏ.ਬੀ.ਡੀ.ਐਮ.) ਸਬੰਧੀ ਵਿਸਥਾਰਪੂਰਵਕ ਟ੍ਰੇਨਿੰਗ ਸੈਸ਼ਨ ਆਯੋਜਿਤ ਕੀਤਾ ਗਿਆ। ਇਸ ਟ੍ਰੇਨਿੰਗ ਵਿੱਚ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਰਣਜੀਤ ਸਿੰਘ ਵੱਲੋਂ ਵਿਸ਼ੇਸ਼ ਤੌਰ 'ਤੇ ਹਾਜ਼ਿਰ ਹੋਏ। ਟ੍ਰੇਨਿੰਗ ਦੌਰਾਨ ਡਾ. ਰਣਜੀਤ ਸਿੰਘ ਨੇ ਆਰ.ਸੀ.ਐਚ.-2 ਪ੍ਰੋਗਰਾਮ ਦੇ ਅਹਿਮ ਅੰਗਾਂ ਜਿਵੇਂ ਕਿ ਮਾਤਾ ਸਿਹਤ ਸੇਵਾਵਾਂ (ਗਰਭ ਅਵਸਥਾ ਦੌਰਾਨ ਅਤੇ ਬਾਅਦ ਦੀ ਦੇਖਭਾਲ), ਸੰਸਥਾਗਤ ਜਣੇਪੇ, ਨਵਜਨਮੇ



ਬੱਚਿਆਂ ਦੀ ਸੰਭਾਲ, ਟੀਕਾਕਰਨ ਅਤੇ ਪਰਿਵਾਰ ਨਿਯੋਜਨ ਸੇਵਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਮਾਤਾ ਅਤੇ ਸ਼ਿਸ਼ੂ ਮੌਤ ਦਰ ਨੂੰ ਘਟਾਉਣ ਲਈ ਸਮੇਂ-ਸਿਰ ਰਜਿਸਟ੍ਰੇਸ਼ਨ, ਨਿਯਮਿਤ ਜਾਂਚਾਂ ਅਤੇ ਉੱਚ ਜੋਖਿਮ ਵਾਲੀਆਂ ਗਰਭਾਵਸਥਾਵਾਂ ਦੀ ਪਛਾਣ ਬਹੁਤ ਜ਼ਰੂਰੀ ਹੈ। ਆਯੁਸ਼ਮਾਨ ਭਾਰਤ ਡਿਜ਼ੀਟਲ ਮਿਸ਼ਨ (ਏ.ਬੀ.ਡੀ.ਐਮ.) ਟ੍ਰੇਨਿੰਗ ਦੌਰਾਨ ਸਿਹਤ ਕਰਮਚਾਰੀਆਂ ਨੂੰ ਡਿਜ਼ੀਟਲ ਹੈਲਥ ਆਈ.ਡੀ. ਬਣਾਉਣ ਦੀ ਪ੍ਰਕਿਰਿਆ, ਆਨਲਾਈਨ ਓਪੀਡੀ ਰਜਿਸਟ੍ਰੇਸ਼ਨ, ਇਲੈਕਟ੍ਰਾਨਿਕ ਸਿਹਤ ਰਿਕਾਰਡ ਅਤੇ ਮਰੀਜ਼ਾਂ ਦੇ ਡਾਟਾ ਦੀ ਸੁਰੱਖਿਅਤ ਸੰਭਾਲ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੂੰ ਦੱਸਿਆ ਗਿਆ ਕਿ ਇਸ ਮਿਸ਼ਨ ਰਾਹੀਂ ਮਰੀਜ਼ਾਂ ਦੀ ਸਿਹਤ ਸੰਬੰਧੀ ਜਾਣਕਾਰੀ ਇੱਕ ਥਾਂ ਉਪਲਬਧ ਹੋ ਸਕਦੀ ਹੈ, ਜਿਸ ਨਾਲ ਇਲਾਜ ਦੀ ਗੁਣਵੱਤਾ ਅਤੇ ਤੇਜ਼ੀ ਵਿੱਚ ਸੁਧਾਰ ਆਉਂਦਾ ਹੈ। ਡਾਕਟਰ ਰਣਜੀਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਡਿਜ਼ੀਟਲ ਸਿਹਤ ਸੇਵਾਵਾਂ ਨੂੰ ਮਜ਼ਬੂਤ ਬਣਾਉਣ ਲਈ ਇਹ ਮਿਸ਼ਨ ਇੱਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਨੇ ਸਾਰੇ ਸਿਹਤ ਕਰਮਚਾਰੀਆਂ ਨੂੰ ਅਪੀਲ ਕੀਤੀ ਕਿ ਉਹ ਟ੍ਰੇਨਿੰਗ ਵਿੱਚ ਪ੍ਰਾਪਤ ਗਿਆਨ ਨੂੰ ਅਮਲ ਵਿੱਚ ਲਿਆਉਣ ਅਤੇ ਲੋਕਾਂ ਨੂੰ ਵਧੀਆ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ।

# ਵਿਧਾਇਕ ਜਿੰਪਾ ਨੇ ਵਾਰਡ ਨੰਬਰ 18 'ਚ 39.67 ਲੱਖ ਰੁਪਏ ਦੀ ਲਾਗਤ ਨਾਲ ਬਣੀ ਸੜਕ ਦਾ ਕੀਤਾ ਉਦਘਾਟਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਵੱਲੋਂ ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਤੇਜ਼ੀ ਦਿੰਦੇ ਹੋਏ ਅੱਜ ਵਾਰਡ ਨੰਬਰ 18 ਵਿੱਚ ਇੱਕ ਮਹੱਤਵਪੂਰਨ ਸੜਕ ਪ੍ਰੋਜੈਕਟ ਲੋਕਾਂ ਨੂੰ ਸਮਰਪਿਤ ਕੀਤਾ ਗਿਆ। ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਪੁਰਹੀਰਾ ਚੌਕ ਤੋਂ ਗੁਰਦੁਆਰਾ ਸ੍ਰੀ ਜਾਹਰ ਜਹੂਰ ਸਾਹਿਬ ਨੂੰ ਜਾਣ ਵਾਲੀ ਨਵੀਂ ਸੜਕ ਦਾ ਉਦਘਾਟਨ ਕੀਤਾ। ਇਸ ਸੜਕ ਦਾ ਨਿਰਮਾਣ ਲਗਭਗ 39 ਲੱਖ 67 ਹਜ਼ਾਰ ਰੁਪਏ ਦੀ ਲਾਗਤ ਨਾਲ ਕੀਤਾ ਗਿਆ ਹੈ, ਜਿਸ ਨਾਲ ਇਲਾਕੇ ਦੇ ਵਸਨੀਕਾਂ ਨੂੰ ਬਿਹਤਰ ਆਵਾਜਾਈ ਸਹੂਲਤ ਪ੍ਰਾਪਤ ਹੋਵੇਗੀ। ਇਸ ਮੌਕੇ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਸ਼ਹਿਰ ਦੇ ਹਰ ਵਾਰਡ ਵਿੱਚ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸੜਕ ਦੇ ਬਣਨ ਨਾਲ ਵਾਰਡ ਨੰਬਰ 18 ਦੇ ਨਿਵਾਸੀਆਂ ਨੂੰ ਵੱਡੀ ਰਾਹਤ ਮਿਲੇਗੀ, ਕਿਉਂਕਿ ਲੰਮੇ ਸਮੇਂ ਤੋਂ ਇਲਾਕੇ ਦੇ ਲੋਕ ਬਿਹਤਰ ਸੜਕ ਦੀ ਮੰਗ ਕਰ ਰਹੇ ਸਨ। ਹੁਣ ਇਸ ਸੜਕ ਦੇ ਤਿਆਰ ਹੋਣ ਨਾਲ ਗੁਰਦੁਆਰਾ ਸ੍ਰੀ ਜਾਹਰ ਜਹੂਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਅਤੇ ਸਥਾਨਕ ਵਸਨੀਕਾਂ ਨੂੰ ਸੁਗਮ ਆਵਾਜਾਈ ਦਾ ਲਾਭ ਮਿਲੇਗਾ। ਵਿਧਾਇਕ ਜਿੰਪਾ ਨੇ



ਕਿਹਾ ਕਿ ਰਾਜ ਸਰਕਾਰ ਲੋਕਾਂ ਦੀਆਂ ਲੋੜਾਂ ਅਨੁਸਾਰ ਵਿਕਾਸ ਕਾਰਜਾਂ ਨੂੰ ਤਰਜੀਹ ਦੇ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਇਲਾਕੇ ਦੇ ਵਿਕਾਸ ਲਈ ਅਜਿਹੇ ਕੰਮ ਜਾਰੀ ਰਹਿਣਗੇ। ਉਨ੍ਹਾਂ ਨੇ ਸਥਾਨਕ ਲੋਕਾਂ ਨੂੰ ਵਿਕਾਸ ਕਾਰਜਾਂ ਵਿੱਚ ਸਹਿਯੋਗ ਦੇਣ ਦੀ ਅਪੀਲ ਕਰਦਿਆਂ ਭਰੋਸਾ ਦਿਵਾਇਆ ਕਿ ਸ਼ਹਿਰ ਦੇ ਸਾਰੇ ਵਾਰਡਾਂ ਵਿੱਚ ਬੁਨਿਆਦੀ ਸਹੂਲਤਾਂ ਨੂੰ ਹੋਰ ਵੀ ਬਿਹਤਰ ਬਣਾਇਆ ਜਾਵੇਗਾ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

ਰੋਗ ਕਿਸੇ ਵੀ ਤਰ੍ਹਾਂ ਦਾ ਹੋਵੇ ਜਾਂ ਹੋਵੇ ਰੋਗ ਦੀ ਸ਼ੁਰੂਆਤ, ਸਹੀ ਦਵਾਈ ਅਤੇ ਸਹੀ ਇਲਾਜ ਨਾ ਮਿਲਣ ਤੇ ਬੀਮਾਰੀ ਵੱਧ ਜਾਂਦੀ ਹੈ, ਇੱਕ ਵਾਰ ਆਪਣੀ ਮਾਨਸਿਕ ਜਾਂ ਸਰੀਰਕ ਪ੍ਰੇਸ਼ਾਨੀ ਬਾਰੇ ਸਾਨੂੰ ਫੋਨ ਕਰੋ, ਅਸੀਂ ਮੁਫ਼ਤ ਸਲਾਹ ਮਸ਼ਵਰਾ (FREE CONSULTATION) ਦਿੰਦੇ ਹਾਂ ਅਤੇ ਸਾਰੀਆਂ ਬਿਮਾਰੀਆਂ ਦਾ ਇਲਾਜ ਕਰਦੇ ਹਾਂ, ਜਿਵੇਂ :

GENERAL DISEASES: ਸ਼ੂਗਰ ਰੋਗ (Diabetes), ਦਮੇ ਦੀ ਬੀਮਾਰੀ (Asthma), ਜੋੜਾਂ ਦੀ ਸੋਜ (Arthritis), ਵਾਤ ਰੋਗ (Rheumatism), ... (Sciatica), ਬਦਹਜ਼ਮੀ (Indigestion), ... (Heart Burning) ਅਤੇ ਗੈਸ, ਕਬਜ਼ੀ (Constipation), ਬਵਾਸੀਰ (Piles) ... (Haemorrhoids), ਅਫਾਰਾ (Flatulence), ਪੀਲੀਆ ਰੋਗ (Jaundice), ਜਿਗਰ ਦਾ ਸੁੱਜ ਜਾਣਾ (Hepatitis), ਹਰਨੀਆ (Hernia), ਬਲੱਡ ਪ੍ਰੈਸ਼ਰ (Blood Presure High or Low), ... ਮੁਟਾਪਾ (Obesity), ... (Migraine), ਵਾਲਾਂ ਦਾ ਝੜਨਾ (Hair Falling) ... (Alopecia), ... (Acne), ... (Pigmentation), ... (Bleeding Gums & Pyorrhoea), ... (Tinnitis) ... (Vertigo), ... (Anaemia), ... (Neuralgia), ... (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਚਿਰਚਿੜਾਪਣ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA, ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC)- ਮਾਨਸਿਕ ਤਣਾਅ, ਥਕਾਵਟ, ... ਪ੍ਰੇਸ਼ਾਨੀ, ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ਮਰਦਾਨਾ ਤਾਕਤ ਦਾ ... ਨੁਸਖਾ- -------- 1 ਮਹੀਨੇ ਦੀ ਕੀਮਤ £35
2) ... ਨੁਸਖਾ- -------- 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... -------- 1 ਮਹੀਨੇ ਦੀ ਕੀਮਤ £35
5) ... -------- 1 ਮਹੀਨੇ ਦੀ ਕੀਮਤ £35
6) ... -------- 1 ਮਹੀਨੇ ਦੀ ਕੀਮਤ £30
7) ... ਨੁਸਖਾ- -------- 1 ਮਹੀਨੇ ਦੀ ਕੀਮਤ £25
8) ... -------- 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

... (AZOOSPERMIA), ... (HYDROCELE), ... (GONORRHOEA), ... (PROSTATE GLAND) ... (SYPHILIS) ... SPERMATIC ... (VARICOCELE), ...

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

... (Dysmenorrhoea), ... (Atrophy of Mammae) ... (Mastitis), ... (Uterus) ... (Physometra) ... (Fibroid Uterine), ... (Diseases of Ovaries), ... (Ovarian Cysts), ... (Vaginimus), ... (Vaginitis), ... (Frigidity), ... (Prutits), ... (Sterility), ... (Miscarriage) ... (Diseases of Post Partum) ... (Menopause Disorders) ...

**ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।**

LADY CONSULTANT & PRACTITIONER IS AVAILABLE, MRS. JASWINDER KAUR KHANBA BSYA. (HOM.) (A.P.) AND (NUTRI.)

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')
ਪੰਜਾਬੀ ... ਵਿਚ ਪੂਰੀ INFORMATION, ... ----- 1 ਮਹੀਨੇ ਦੀ ਕੀਮਤ

ਨੁਸਖਾ ਨੰਬਰ 1 (IN TABLETS): ... (PIGMENTATION WHITE SPOTS) ... ਇਕ ਮਹੀਨੇ ਦੀ ਕੀਮਤ -- £69
ਨੁਸਖਾ ਨੰਬਰ 2 (IN CAPSULES OR IN PEARLS): ... PROPER SHAPE ... - £89
ਨੁਸਖਾ ਨੰਬਰ 3 (IN CAPSULES): ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES): ... (FLABBY & OUT OF SHAPE BELLY) ... FLAT ਅਤੇ TONED ... - £69
ਨੁਸਖਾ ਨੰਬਰ 5 (IN CAPSULES): ... (FEMALE SEX-DRIVE) ... A REAL MAGIC ਹਰ ਔਰਤ ਲਈ- £69
ਨੁਸਖਾ ਨੰਬਰ 6 (GEL IN APPLICATORS): ... SEXUAL DISCOMFORT ... VAGINAL LUBRICATION GEL / (MAGIC) —£49
ਨੁਸਖਾ ਨੰਬਰ 7 (IN CAPSULES): ... (MENOPAUSE) ... CALCIUM ... (OSTEOPOROSIS) ... ------ £59
ਨੁਸਖਾ ਨੰਬਰ 8 (IN CAPSULES): ... -£59
ਨੁਸਖਾ ਨੰਬਰ 9 (IN CAPSULES): ... ਇਕ ਅਜੂਬਾ ਹੈ- £59
ਨੁਸਖਾ ਨੰਬਰ 10 (IN CAPSULES): ... GUARANTEED GOOD QUALITY SLEEP ------ £59
ਨੁਸਖਾ ਨੰਬਰ 11 (IN TABLETS): ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ... (SPECIAL OCCASIONS) ... £89
ਨੁਸਖਾ ਨੰਬਰ 13 (IN VIALS): ... £89
ਨੁਸਖਾ ਨੰਬਰ 14 (IN TABLETS): ... SEXUAL ... MALE DISORDERS ... £69

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), ਟੌਂਸਿਲ (Tonsilits), ... (Worms), ... (Enuresis), ... (Wheezing Problem), ... (Eczema), ... (Psoriasis), ... (Anaemia), ... (Backward Children), ... (Rickets), ਮਿਰਗੀ (Epilepsy) ਵਗੈਰਾ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | | |
|---|---|---|
| PILAES | (IN OINTMENT) - ਬਵਾਸੀਰ ਦੀ ਬਿਮਾਰੀ ਵਿਚ ... ਆਰਾਮ | £19 |
| NURALACO | (IN OINTMENT OR LOTION) — ... ਆਰਾਮ | £19 |
| CHILLAGA | (IN OINTMENT OR LOTION) — ... ਆਰਾਮ | £19 |
| ARNSTRA | (IN OINTMENT) — ... (SPRAINS) ... (BED SORES) ਨੂੰ ਆਰਾਮ | £19 |
| BELINFLA | (IN OIL OR OINTMENT) — ... ਆਰਾਮ | £19 |
| BELULCE | (IN OIL) — ... ULCERS ਅਤੇ ... ਨੂੰ ਆਰਾਮ | £19 |
| BRYJOIN | (IN OIL) — ... ਆਰਾਮ | £19 |
| CALWOUN | (IN OIL OR OINTMENT) — ... ਆਰਾਮ | £19 |
| BURCAN | (IN LOTION OR OINTMENT) — ... ਆਰਾਮ | £19 |
| ROUTUM | (IN OINTMENT) — ... ਆਰਾਮ | £19 |
| JOINSHU | (IN OIL) — ... ਆਰਾਮ | £19 |
| ASSSIL | (IN LOTION) — ... ਆਰਾਮ | £19 |
| ITCSUL | (IN OIL) — ... ਆਰਾਮ | £19 |
| WARTHU | (IN OIL) — ... (WARTS) ਤੋਂ ਆਰਾਮ | £19 |

* HOMOEOPATHIC HEALTH CLINIC ... (ਹਰ ... £10 ...)

ਹਰ ਤਰ੍ਹਾਂ ਦੇ ਨਸ਼ਿਆਂ ਅਤੇ ... ਸਰੀਰ 'ਚ ਪਏ ਨੁਕਸਾਂ ਤੋਂ ਮੁਕੰਮਲ ਛੁਟਕਾਰਾ ... ਜਾਣਕਾਰੀ ਲਈ ਫੋਨ ਕਰੋ

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# 14-15 ਸਾਲ ਦੀਆਂ ਬੱਚੀਆਂ ਲਈ ਐਚਪੀਵੀ ਵੈਕਸੀਨ ਜ਼ਰੂਰੀ, ਸਰਵਾਈਕਲ ਕੈਂਸਰ ਤੋਂ ਬਚਾਅ ਦਾ ਪ੍ਰਭਾਵਸ਼ਾਲੀ ਸਾਧਨ - ਡਿਪਟੀ ਕਮਿਸ਼ਨਰ ਆਸ਼ਿਕਾ ਜੈਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ 14 ਤੋਂ 15 ਸਾਲ ਦੀ ਉਮਰ ਵਾਲੀਆਂ ਬੱਚੀਆਂ ਲਈ ਐਚਪੀਵੀ ਵੈਕਸੀਨ ਲਗਵਾਉਣਾ ਬਹੁਤ ਜ਼ਰੂਰੀ ਹੈ, ਕਿਉਂਕਿ ਇਹ ਸਰਵਾਈਕਲ ਕੈਂਸਰ ਵਰਗੀ ਗੰਭੀਰ ਬਿਮਾਰੀ ਤੋਂ ਬਚਾਅ ਦਾ ਪ੍ਰਭਾਵਸ਼ਾਲੀ ਸਾਧਨ ਹੈ। ਉਨ੍ਹਾਂ ਨੇ ਦੱਸਿਆ ਕਿ ਜ਼ਿਲ੍ਹੇ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਇਹ ਵੈਕਸੀਨ ਮੁਫ਼ਤ ਉਪਲਬਧ ਹੈ ਅਤੇ ਮਾਪਿਆਂ ਨੂੰ ਆਪਣੀਆਂ ਧੀਆਂ ਦਾ ਸਮੇਂ ਸਿਰ ਟੀਕਾਕਰਨ ਜ਼ਰੂਰ ਕਰਵਾਉਣਾ ਚਾਹੀਦਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਰਵਾਈਕਲ ਕੈਂਸਰ ਔਰਤਾਂ ਵਿੱਚ ਹੋਣ ਵਾਲੇ ਕੈਂਸਰਾਂ ਵਿੱਚ ਇੱਕ ਮੁੱਖ ਬਿਮਾਰੀ ਹੈ, ਜਿਸ ਦਾ ਮੁੱਖ ਕਾਰਨ ਹਿਊਮਨ ਪੈਪੀਲੋਮਾ ਵਾਇਰਸ ਦਾ ਸੰਕਰਮਣ ਹੈ। ਜੇ 14-15 ਸਾਲ ਦੀ ਉਮਰ ਵਿੱਚ ਬੱਚੀਆਂ ਨੂੰ



ਐਚਪੀਵੀ ਵੈਕਸੀਨ ਲਗਾ ਦਿੱਤੀ ਜਾਵੇ ਤਾਂ ਭਵਿੱਖ ਵਿੱਚ ਇਸ ਬਿਮਾਰੀ ਦੇ ਖਤਰੇ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਹੈ। ਇਹ ਵੈਕਸੀਨ ਬੱਚੀਆਂ ਦੀ ਸਿਹਤ ਦੀ ਸੁਰੱਖਿਆ ਲਈ ਇੱਕ ਮਜ਼ਬੂਤ ਸੁਰੱਖਿਆ ਕਵਚ ਵਜੋਂ ਕੰਮ ਕਰਦੀ ਹੈ। ਉਨ੍ਹਾਂ ਨੇ ਕਿਹਾ ਕਿ ਇਸ ਵੈਕਸੀਨ ਦਾ ਕੋਈ ਸਾਈਡ ਇਫੈਕਟ ਨਹੀਂ ਹੈ ਅਤੇ ਇਹ ਪੂਰੀ ਤਰ੍ਹਾਂ ਸੁਰੱਖਿਅਤ ਹੈ। ਆਸ਼ਿਕਾ ਜੈਨ ਨੇ ਕਿਹਾ ਕਿ ਕਈ ਵਾਰ ਜਾਣਕਾਰੀ ਦੀ ਕਮੀ ਕਾਰਨ ਮਾਪੇ ਇਸ ਮਹੱਤਵਪੂਰਨ ਟੀਕਾਕਰਨ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ, ਜਦਕਿ ਸਮੇਂ ਸਿਰ ਲੱਗਣ ਵਾਲਾ ਇਹ ਟੀਕਾ ਬੱਚੀਆਂ ਨੂੰ ਗੰਭੀਰ ਬਿਮਾਰੀ ਤੋਂ ਬਚਾਉਣ ਵਿੱਚ ਮਦਦਗਾਰ ਹੈ। ਇਸ ਲਈ ਸਮਾਜ ਵਿੱਚ ਐਚਪੀਵੀ ਵੈਕਸੀਨ ਬਾਰੇ ਜਾਗਰੂਕਤਾ ਫੈਲਾਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਮਿਲ ਕੇ ਲੋਕਾਂ ਨੂੰ ਇਸ ਸਬੰਧੀ ਜਾਗਰੂਕ ਕਰ ਰਹੇ ਹਨ ਤਾਂ ਜੋ ਵੱਧ ਤੋਂ ਵੱਧ ਬੱਚੀਆਂ ਇਸ ਮੁਫ਼ਤ ਸਹੂਲਤ ਦਾ ਲਾਭ ਲੈ ਸਕਣ। ਉਨ੍ਹਾਂ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ 14-15 ਸਾਲ ਦੀਆਂ ਧੀਆਂ ਨੂੰ ਨਜ਼ਦੀਕੀ ਸਰਕਾਰੀ ਹਸਪਤਾਲ ਵਿੱਚ ਲੈ ਜਾ ਕੇ ਐਚਪੀਵੀ ਵੈਕਸੀਨ ਜ਼ਰੂਰ ਲਗਵਾਉਣ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਧੀਆਂ ਦੀ ਸਿਹਤ ਦੀ ਸੁਰੱਖਿਆ ਕਰਨਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ ਅਤੇ ਐਚਪੀਵੀ ਵੈਕਸੀਨ ਇਸ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।

# ਦਰਜਾ ਚਾਰ ਕਰਮਚਾਰੀਆਂ ਨਾਲ ਹੋ ਰਹੀ ਅਣਦੇਖੀ, ਸਰਕਾਰਾਂ ਦੇ ਵਾਅਦੇ ਸਿਰਫ ਕਾਗਜ਼ਾਂ ਤੱਕ ਸੀਮਿਤ: ਗੋਲਡੀ ਪਰਖਾਲੀ

**ਰੂਪਨਗਰ: 24 ਅਪ੍ਰੈਲ (ਚਰਨਜੀਤ ਸੱਲ੍ਹਾਂ )** ਦਰਜਾ ਚਾਰ ਕਰਮਚਾਰੀ ਜੋ ਕਿ ਆਊਟਸੋਰਸਿਗ ਤੇ ਕੰਮ ਕਰ ਰਹੇ ਪੰਜਾਬ ਸਰਕਾਰ ਦੇ ਅਧੀਨ ਕਰਮਚਾਰੀਆਂ ਦੀ ਹਾਲਤ ਅਜੇ ਵੀ ਬੇਹੱਦ ਮਾੜੀ ਬਣੀ ਹੋਈ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਮਾਜਿਕ ਆਗੂ ਗੋਲਡੀ ਪਰਖਾਲੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਇਨ੍ਹਾਂ ਕਰਮਚਾਰੀਆਂ ਨੂੰ ਪੱਕਾ ਕਰਨ ਦੇ ਵੱਡੇ-ਵੱਡੇ ਐਲਾਨ ਤਾਂ ਕੀਤੇ ਗਏ, ਪਰ ਅਮਲ ਵਿੱਚ ਕੁਝ ਵੀ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਹਰ ਚੋਣ ਤੋਂ ਪਹਿਲਾਂ ਸਰਕਾਰਾਂ ਵੱਲੋਂ ਦਰਜਾ ਚਾਰ ਕਰਮਚਾਰੀਆਂ ਨੂੰ ਰੈਗੂਲਰ ਕਰਨ ਦੇ ਵਾਅਦੇ ਕੀਤੇ ਜਾਂਦੇ ਹਨ, ਪਰ ਚੋਣਾਂ ਤੋਂ ਬਾਅਦ ਇਹ ਵਾਅਦੇ ਭੁੱਲ ਜਾਂਦੇ ਹਨ। ਗੋਲਡੀ ਪਰਖਾਲੀ ਨੇ ਦੋਸ਼ ਲਗਾਇਆ ਕਿ ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਸਰਕਾਰ ਨੇ ਵੀ ਇਨ੍ਹਾਂ ਕਰਮਚਾਰੀਆਂ ਦੀ ਕੋਈ ਸੰਭਾਲ ਨਹੀਂ ਕੀਤੀ ਅਤੇ ਉਹ ਅਜੇ ਵੀ ਅਸਥਾਈ ਤੌਰ 'ਤੇ ਕੰਮ ਕਰਨ ਲਈ ਮਜਬੂਰ ਹਨ। ਉਨ੍ਹਾਂ ਨੇ ਕਿਹਾ ਕਿ ਇਹ ਕਰਮਚਾਰੀ ਸਾਲਾਂ ਤੋਂ ਘੱਟ ਤਨਖਾਹ



ਤੇ ਮੁਸ਼ਕਿਲ ਹਾਲਾਤਾਂ ਵਿੱਚ ਕੰਮ ਕਰ ਰਹੇ ਹਨ, ਪਰ ਸਰਕਾਰ ਵੱਲੋਂ ਉਨ੍ਹਾਂ ਦੀ ਨੌਕਰੀ ਨੂੰ ਸੁਰੱਖਿਅਤ ਬਣਾਉਣ ਲਈ ਕੋਈ ਢੁਕਵਾਂ ਕਦਮ ਨਹੀਂ ਚੁੱਕਿਆ ਗਿਆ। ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਜਲਦ ਹੀ ਇਨ੍ਹਾਂ ਕਰਮਚਾਰੀਆਂ ਨੂੰ ਪੱਕਾ ਕਰਨ ਲਈ ਕੋਈ ਢੁਕਵਾਂ ਫੈਸਲਾ ਕਰੇ। ਗੋਲਡੀ ਪਰਖਾਲੀ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਦਰਜਾ ਚਾਰ ਕਰਮਚਾਰੀਆਂ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਪੱਕਾ ਕੀਤਾ



ਜਾਵੇ, ਤਾਂ ਜੋ ਉਹ ਆਪਣੀ ਜ਼ਿੰਦਗੀ ਇੱਜ਼ਤ ਨਾਲ ਬਿਤਾ ਸਕਣ। ਇਸ ਮੌਕੇ ਤੇ ਸੰਜੇ ਕੁਮਾਰ ਪੰਚ ਸਲਾਹ- ਪੁਰ ਜਰਨੈਲ ਸਿੰਘ ਬਲਵੰਤ ਸਿੰਘ ਸੁਖਵਿੰਦਰ ਸਿੰਘ ਸੁੱਖਾ ਵਰਿੰਦਰ ਸਿੰਘ ਬਹਿਰਾਮ ਜਤਿੰਦਰ ਸਿੰਘ

# ਵਿਦਿਅਕ ਖੇਤਰ ਵਿੱਚ ਮੱਲਾਂ ਮਾਰਨ ਵਾਲੀਆਂ ਵਿਦਿਆਰਥਣਾਂ ਸਨਮਾਨਿਤ

## ਮਾਪੇ ਧੀਆਂ ਨੂੰ ਬਰਾਬਰ ਦੇ ਮੌਕੇ ਪ੍ਰਦਾਨ ਕਰਨ - ਲਾਲੀ

**ਬੰਗਾ (ਚਰਨਜੀਤ ਸੱਲ੍ਹਾਂ )** ਰੋਟਰੀ ਕਲੱਬ ਬੰਗਾ ਗ੍ਰੀਨ ਵਲੋਂ ਸਮਾਜ ਸੇਵਾ ਦੀ ਲੜੀ ਨੂੰ ਅੱਗੇ ਵਧਾਉਂਦੇ ਹੋਏ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੱਧਾਣਾ ਝਿੱਕਾ ਵਿਖੇ ਕਰਵਾਏ ਸਮਾਗਮ ਦੌਰਾਨ ਆਪਣੀਆਂ ਕਲਾਸਾਂ ਵਿੱਚ ਨਾਮਵਾਰ ਪੋਜ਼ੀਸ਼ਨ ਹਾਸਲ ਕਰਨ ਵਾਲੀਆਂ ਹੋਣਹਾਰ ਵਿਦਿਆਰਥਣਾਂ ਨੂੰ 2100 ਰੁਪਏ ਨਗਦ, ਸਨਮਾਨ ਚਿੰਨ੍ਹ ਅਤੇ ਸਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਵਿੱਚ ਮਨਜੋਤ ਕੌਰ ਸਪੁੱਤਰੀ ਗੁਰਦੀਪ ਸਿੰਘ ਮੈਂਬਰ ਪੰਚਾਇਤ ਝਿੱਕਾ ਨੇ ਸਿੱਖ ਨੈਸ਼ਨਲ ਕਾਲਜ ਬੰਗਾ ਤੋਂ ਐਮ.ਐਸ.ਸੀ. ਫੈਸ਼ਨ ਡਿਜ਼ਾਈਨਿੰਗ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਤੇ ਦੂਸਰੀ ਗੁਰਸਿਮਰਨ ਕੌਰ ਸਪੁੱਤਰੀ ਰੋਟ ਐਡਵੋਕੇਟ ਸ਼ਮਸ਼ੇਰ ਸਿੰਘ ਝਿੱਕਾ, ਜਿਸ ਨੇ ਭਗਵਾਨ ਮਹਾਂਵੀਰ ਪਬਲਿਕ ਸਕੂਲ ਬੰਗਾ ਤੋਂ ਸੀਬੀਐਸਈ ਦੱਸਵੀ ਕਲਾਸ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਦੋਹਾਂ ਵਿਦਿਆਰਥਣਾਂ ਦਾ ਕਲੱਬ ਵਲੋਂ ਯਾਦਗਾਰੀ ਚਿੰਨ੍ਹ, ਨਕਦ ਰਾਸ਼ੀ ਅਤੇ ਸਿਰੋਪਾਉ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਰੋਟਰੀ ਡਿਸਟ੍ਰਿਕਟ 3070 ਵਲੋਂ ਗਲੋਬਲ ਗਰਾਂਟ ਰਾਹੀਂ ਲਗਭਗ ਤੀਹ ਹਜ਼ਾਰ ਰੁਪਏ ਅਤੇ ਪੰਜ ਪੇਟੀਆਂ ਸਾਬਣ ਦੀਆਂ ਦਿੱਤੀਆਂ ਗਈਆਂ। ਲਗਾਏ ਗਏ ਹੈਂਡ ਵਾਸ਼ ਸਟੇਸ਼ਨ ਦਾ ਸ਼ੁਭ ਉਦਘਾਟਨ ਮੁੱਖ ਮਹਿਮਾਨ ਕੁਲਦੀਪ ਸਿੰਘ ਲਾਲੀ (ਪੀਜ਼ਾ ਹੱਟ ਬੰਗਾ) ਵਲੋਂ ਕੀਤਾ ਗਿਆ, ਜਿਨ੍ਹਾਂ ਨੇ ਆਪਣੇ



ਵਿਸਥਾਰਪੂਰਵਕ ਬਿਆਨ ਵਿੱਚ ਕਿਹਾ ਕਿ ਰੋਟਰੀ ਕਲੱਬ ਬੰਗਾ ਗ੍ਰੀਨ ਦੇ ਇਹ ਉਪਰਾਲੇ ਸਮਾਜ ਲਈ ਪ੍ਰੇਰਣਾਦਾਇਕ ਹਨ ਅਤੇ ਸਕੂਲਾਂ ਵਿੱਚ ਸਫ਼ਾਈ ਸੰਬੰਧੀ ਸੁਵਿਧਾਵਾਂ ਬੱਚਿਆਂ ਦੀ ਸਿਹਤ ਅਤੇ ਅਨੁਸ਼ਾਸਨ ਨੂੰ ਮਜ਼ਬੂਤ ਬਣਾਉਂਦੀਆਂ ਹਨ। ਉਹਨਾਂ ਪਹਿਲੀਆਂ ਪੁਜੀਸ਼ਨਾਂ ਪ੍ਰਾਪਤ ਵਿਦਿਆਰਥਣਾਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਧੀਆਂ ਨੂੰ ਬਰਾਬਰ ਦੇ ਮੌਕੇ ਪ੍ਰਦਾਨ ਕਰਨ ਤਾਂ ਕਿ ਉਹ ਹੋਰ ਵੀ ਮੰਜਿਲਾਂ ਸਰ ਕਰ ਸਕਣ। ਇਸ ਮੌਕੇ ਕਲੱਬ ਪ੍ਰਧਾਨ ਰੋਟ ਦਿਲਬਾਗ ਸਿੰਘ ਬਾਗੀ ਨੇ ਕਿਹਾ ਕਿ ਕਲੱਬ ਹਮੇਸ਼ਾਂ ਸਿੱਖਿਆ, ਸਿਹਤ ਅਤੇ ਸਮਾਜਿਕ ਭਲਾਈ ਲਈ ਵਚਨਬੱਧ ਰਹੇਗਾ ਅਤੇ ਅਜਿਹੇ ਉਪਰਾਲੇ ਭਵਿੱਖ ਵਿੱਚ ਵੀ ਜਾਰੀ ਰਹਿਣਗੇ, ਜਦਕਿ ਵਾਇਸ ਪ੍ਰਧਾਨ ਰੋਟ ਸ਼ਮਿੰਦਰ ਸਿੰਘ ਗਰਚਾ ਨੇ ਟੀਮ ਵਰਕ ਅਤੇ ਸੇਵਾ ਭਾਵਨਾ ਨੂੰ ਕਲੱਬ ਦੀ ਅਸਲ ਤਾਕਤ ਦੱਸਿਆ। ਸਕੂਲ ਪ੍ਰਿੰਸੀਪਲ ਰਜਨੀਸ਼ ਕੁਮਾਰ ਨੇ ਕਲੱਬ ਦੀ ਪੂਰੀ ਟੀਮ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਬੂਟਾ ਸਿੰਘ ਮਾਹਿਲ ਨੇ ਬਾਖੂਬੀ ਨਾਲ ਨਿਭਾਈ ਅਤੇ ਇਸ ਮੌਕੇ ਰੋਟ ਰਣਜੀਤ ਸਿੰਘ ਕੰਦੋਲਾ, ਰੋਟ ਸੁੱਖਵਿੰਦਰ ਸਿੰਘ ਧਾਮੀ, ਰੋਟ ਸ਼ਮਸ਼ੇਰ ਸਿੰਘ ਸ਼ੇਰਾ ਝਿੱਕਾ, ਗੁਰਦੀਪ ਸਿੰਘ ਸੈਕਟਰੀ, ਨੀਲਮ ਰਾਣੀ, ਨਵਦੀਪ ਸਿੰਘ ਮਨਪ੍ਰੀਤ ਕੌਰ, ਰਾਜਿੰਦਰ ਕੌਰ, ਏਕਤਾ ਰਾਣੀ, ਸੁਰਜੀਤ ਸਿੰਘ ਭੱਟੀ, ਬਲਕਾਰ ਸਿੰਘ, ਕਿਰਨਜੋਤ ਕੌਰ, ਰਜਨੀ, ਦਿੱਕਸ਼ਾ ਰਾਣੀ, ਨਰਿੰਦਰ ਮਾਹੀ ਸਮੇਤ ਕਲੱਬ ਦੇ ਹੋਰ ਮੈਂਬਰ ਅਤੇ ਸਕੂਲ ਸਟਾਫ ਹਾਜ਼ਰ ਸੀ।

ਰੋਟਰੀ ਕਲੱਬ ਬੰਗਾ ਗ੍ਰੀਨ ਵਲੋਂ ਅਵੱਲ ਰਹਿਣ ਵਾਲੀਆਂ ਵਿਦਿਆਰਥਣਾਂ ਨੂੰ ਸਨਮਾਨਿਤ ਕਰਦੇ ਹੋਏ ਮੁੱਖ ਮਹਿਮਾਨ ਕੁਲਦੀਪ ਸਿੰਘ ਲਾਲੀ, ਰੋਟ ਦਿਲਬਾਗ ਸਿੰਘ ਬਾਗੀ, ਪ੍ਰਿੰਸੀਪਲ ਰਜਨੀਸ਼ ਕੁਮਾਰ ਅਤੇ ਹੋਰ।

# ਡੇਂਗੂ ਦਾ ਡੰਗ: ਮੱਛਰਾਂ ਦੇ ਪ੍ਰਜਨਨ ਚੱਕਰ ਨੂੰ ਤੋੜਨਾ ਬਹੁਤ ਜ਼ਰੂਰੀ - ਐੱਸ.ਐੱਮ.ਓ. ਡਾ. ਸਤਵਿੰਦਰਪਾਲ ਸਿੰਘ

● ਆਪਣੇ ਆਲੇ-ਦੁਆਲੇ ਪਾਣੀ ਖੜ੍ਹਾ ਨਾ ਹੋਣ ਦਿਓ ● ਮਾਤਾ ਪ੍ਰਕਾਸ਼ ਕੌਰ ਮਿਡਲ ਸਕੂਲ, ਗੜਸ਼ੰਕਰ ਰੋਡ, ਨਵਾਂਸ਼ਹਿਰ ਵਿਖੇ "ਹਰ ਸ਼ੁੱਕਰਵਾਰ-ਡੇਂਗੂ 'ਤੇ ਵਾਰ" ਮੁਹਿੰਮ ਤਹਿਤ ਜਾਗਰੂਕਤਾ ਪ੍ਰੋਗਰਾਮ ਆਯੋਜਿਤ

**ਨਵਾਂਸ਼ਹਿਰ, 24 ਅਪ੍ਰੈਲ (ਮਨੋਰੰਜਨ ਕਾਲੀਆ)** : ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਜ਼ਿਲ੍ਹੇ ਅੰਦਰ ਡੇਂਗੂ ਦੇ ਫੈਲਾਅ ਨੂੰ ਰੋਕਣ ਲਈ "ਹਰ ਸ਼ੁੱਕਰਵਾਰ-ਡੇਂਗੂ 'ਤੇ ਵਾਰ" ਮੁਹਿੰਮ ਪੂਰੇ ਜੋਸ਼ ਨਾਲ ਚਲਾਈ ਜਾ ਰਹੀ ਹੈ। ਇਸ ਮੁਹਿੰਮ ਦੇ ਤਹਿਤ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਦੀ ਅਗਵਾਈ ਹੇਠ ਸਿਹਤ ਟੀਮ ਵੱਲੋਂ ਲਗਾਤਾਰ ਨਿਗਰਾਨੀ ਅਤੇ ਜਾਗਰੂਕਤਾ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ।

ਇਸੇ ਕੜੀ ਵਿੱਚ ਅੱਜ ਐੱਸ.ਐੱਮ.ਓ. ਡਾ. ਸਤਵਿੰਦਰਪਾਲ ਸਿੰਘ ਨੇ ਮਾਤਾ ਪ੍ਰਕਾਸ਼ ਕੌਰ ਮਿਡਲ ਸਕੂਲ, ਗੜਸ਼ੰਕਰ ਰੋਡ, ਨਵਾਂਸ਼ਹਿਰ ਵਿਖੇ "ਹਰ ਸ਼ੁੱਕਰਵਾਰ-ਡੇਂਗੂ 'ਤੇ ਵਾਰ" ਮੁਹਿੰਮ ਤਹਿਤ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ। ਇਸ ਦੌਰਾਨ ਉਨ੍ਹਾਂ ਨੇ ਸਿਹਤ ਟੀਮ ਸਮੇਤ ਸਕੂਲ ਅਤੇ ਆਲੇ-ਦੁਆਲੇ ਇਲਾਕੇ ਵਿੱਚ ਮੱਛਰਾਂ ਦੀ ਬ੍ਰੀਡਿੰਗ ਨੂੰ ਰੋਕਣ ਲਈ ਲਾਰਵਾ ਚੈਕਿੰਗ ਕੀਤੀ ਅਤੇ ਜਰੂਰੀ ਹਦਾਇਤਾਂ ਜਾਰੀ ਕੀਤੀਆਂ।

ਉਨ੍ਹਾਂ ਦੱਸਿਆ ਕਿ ਡੇਂਗੂ ਇੱਕ ਵਾਇਰਲ ਬਿਮਾਰੀ ਹੈ ਜੋ ਏਡੀਜ ਮੱਛਰ ਦੇ ਕੱਟਣ ਨਾਲ ਫੈਲਦੀ ਹੈ।

ਇਹ ਮੱਛਰ ਦਿਨ ਦੇ ਸਮੇਂ ਕਟਦਾ ਹੈ ਅਤੇ ਸਿਰਫ ਸਾਫ ਖੜ੍ਹੇ ਪਾਣੀ ਵਿੱਚ ਹੀ ਪੈਦਾ ਹੁੰਦਾ ਹੈ। ਇਸ ਲਈ ਮੱਛਰਾਂ ਦੇ ਪ੍ਰਜਨਨ ਚੱਕਰ ਨੂੰ ਤੋੜਨਾ ਬਹੁਤ ਜਰੂਰੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਲੋਕ ਆਪਣੇ ਘਰਾਂ ਅਤੇ ਆਲੇ-ਦੁਆਲੇ ਪਾਣੀ ਖੜ੍ਹਾ ਨਾ ਹੋਣ ਦੇਣ ਅਤੇ ਹਰ ਹਫਤੇ ਕੂਲਰਾਂ, ਫਰਿੱਜ ਦੀਆਂ ਟਰੇਆਂ, ਗਮਲਿਆਂ, ਟੈਂਕੀਆਂ ਅਤੇ ਹੋਰ ਬਰਤਨਾਂ ਨੂੰ ਸਾਫ ਕਰਕੇ ਸੁੱਕਾ ਰੱਖਣ।

ਡਾ. ਸਤਵਿੰਦਰਪਾਲ ਸਿੰਘ ਨੇ ਸਿੰਗਲ ਯੂਜ਼ ਡਿਸਪੋਜ਼ੇਬਲ ਸਮੱਗਰੀ ਜਿਵੇਂ ਕੱਪ, ਗਲਾਸ ਅਤੇ ਪਲੇਟਾਂ ਨੂੰ ਸਹੀ ਢੰਗ ਨਾਲ ਨਸ਼ਟ ਕਰਨ ਦੀ ਅਪੀਲ ਕਰਦੇ ਹੋਏ ਕਿਹਾ ਕਿ ਇਨ੍ਹਾਂ ਵਿੱਚ ਪਾਣੀ ਇਕੱਠਾ ਹੋਣ ਨਾਲ ਮੱਛਰਾਂ ਦੇ ਪੈਦਾ ਹੋਣ ਦਾ ਖਤਰਾ ਵਧ ਜਾਂਦਾ ਹੈ। ਇਸ ਲਈ ਵਰਤੋਂ ਤੋਂ ਬਾਅਦ ਇਨ੍ਹਾਂ ਨੂੰ ਤੁਰੰਤ ਨਸ਼ਟ ਕਰਨਾ ਜਾਂ ਸੁਰੱਖਿਅਤ ਢੰਗ ਨਾਲ ਨਿਪਟਾਰਾ ਕਰਨਾ ਜਰੂਰੀ ਹੈ।



ਉਨ੍ਹਾਂ ਨੇ ਸਕੂਲੀ ਵਿਦਿਆਰਥੀਆਂ ਨੂੰ ਵੀ ਡੇਂਗੂ ਤੋਂ ਬਚਾਅ ਬਾਰੇ ਜਾਗਰੂਕ ਕੀਤਾ ਅਤੇ ਕਿਹਾ ਕਿ ਜਾਗਰੂਕਤਾ ਹੀ ਇਸ ਬਿਮਾਰੀ 'ਤੇ ਕਾਬੂ ਪਾਉਣ ਦੀ ਸਭ ਤੋਂ ਵੱਡੀ ਕੁੰਜੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਿਹਤ ਵਿਭਾਗ ਦਾ ਸਹਿਯੋਗ ਕਰਨ ਅਤੇ ਆਪਣੇ ਆਲੇ-ਦੁਆਲੇ ਸਾਫ-ਸਫ਼ਾਈ ਬਣਾਈ ਰੱਖਣ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਹੈਲਥ ਇੰਸਪੈਕਟਰ ਜੋਗਿੰਦਰ ਪਾਲ ਤੇ ਐੱਲ.ਐੱਚ.ਵੀ. ਗਗਨਦੀਪ ਕੌਰ ਸਮੇਤ ਸਕੂਲ ਟੀਚਰ, ਆਸ਼ਾ ਵਰਕਰਾਂ, ਨਰਸਿੰਗ ਵਿਦਿਆਰਥਣਾਂ ਤੇ ਸਕਲੀ ਬੱਚੇ ਮੌਜੂਦ ਸਨ।

**ਡੇਂਗੂ ਦੇ ਮੁੱਖ ਲੱਛਣ:**

ਤੇਜ਼ ਬੁਖਾਰ

ਸਿਰ ਦਰਦ

ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ

ਮਾਸਪੇਸ਼ੀਆਂ ਅਤੇ ਜੋੜਾਂ ਵਿੱਚ ਦਰਦ

ਚਮੜੀ 'ਤੇ ਲਾਲ ਦਾਗ

ਮਸੂੜਿਆਂ ਜਾਂ ਨੱਕ ਵਿੱਚ ਖੂਨ ਵਗਣਾ

ਡੇਂਗੂ ਤੋਂ ਬਚਾਅ ਲਈ ਅਹਿਮ ਸਾਵਧਾਨੀਆਂ:

ਕੂਲਰਾਂ, ਗਮਲਿਆਂ ਅਤੇ ਟਰੇਆਂ ਵਿੱਚ ਪਾਣੀ ਹਰ ਸ਼ੁੱਕਰਵਾਰ ਜ਼ਰੂਰ ਸਾਫ ਕਰੋ

ਪੂਰੀ ਬਾਂਹਾਂ ਵਾਲੇ ਕੱਪੜੇ ਪਹਿਨੋ

ਮੱਛਰਦਾਨੀ ਅਤੇ ਮੱਛਰ ਰੋਕੂ ਕਰੀਮਾਂ/ਤੇਲ ਵਰਤੋ

ਬੁਖਾਰ ਹੋਣ 'ਤੇ ਐਸਪਰੀਨ ਜਾਂ ਬਰੂਫਿਨ ਨਾ ਲਓ, ਸਿਰਫ ਪੈਰਾਸੀਟਾਮੋਲ ਦੀ ਵਰਤੋਂ ਕਰੋ

ਪਾਣੀ ਦੀਆਂ ਟੈਂਕੀਆਂ ਨੂੰ ਢੱਕ ਕੇ ਰੱਖੋ

ਟੁੱਟੇ ਬਰਤਨ, ਟਾਇਰ ਆਦਿ ਖੁੱਲ੍ਹੇ ਵਿੱਚ ਨਾ ਰੱਖੋ


ਪਸ਼ੂ-ਪੰਛੀਆਂ ਦੇ ਪਾਣੀ ਵਾਲੇ ਬਰਤਨ ਹਰ ਹਫਤੇ ਸਾਫ ਕਰੋ

ਵੱਧ ਤੋਂ ਵੱਧ ਤਰਲ ਪਦਾਰਥਾਂ ਦੀ ਵਰਤੋਂ ਕਰੋ।

# ਮਲੇਰੀਆ ਮੁਕਤ ਸਮਾਜ ਲਈ ਹਰ ਨਾਗਰਿਕ ਦੀ ਸਰਗਰਮ ਭੂਮਿਕਾ ਜ਼ਰੂਰੀ : ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ

●ਵਿਸ਼ਵ ਮਲੇਰੀਆ ਦਿਵਸ ਦੇ ਸੰਦਰਭ ਵਿੱਚ ਜਾਗਰੂਕਤਾ ਪੋਸਟਰ ਜਾਰੀ ● ਬੁਖਾਰ ਨੂੰ ਨਾ ਕਰੋ ਅਣਦੇਖਾ, ਹੋ ਸਕਦਾ ਹੈ ਮਲੇਰੀਆ, ਸਰਕਾਰੀ ਸਿਹਤ ਸੰਸਥਾਵਾਂ ਵਿੱਚ ਮੁਫ਼ਤ ਟੈਸਟ ਅਤੇ ਇਲਾਜ ਉਪਲਬੱਧ ● ਆਓ ਮਿਲ ਕੇ ਮਲੇਰੀਆ ਨੂੰ ਜੜ੍ਹੋਂ ਖ਼ਤਮ ਕਰੀਏ

**ਨਵਾਂਸ਼ਹਿਰ, 24 ਅਪ੍ਰੈਲ (ਮਨੋਰੰਜਨ ਕਾਲੀਆ):** ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਨੇ 25 ਅਪ੍ਰੈਲ, 2026 ਨੂੰ ਮਨਾਏ ਜਾ ਰਹੇ ਵਿਸ਼ਵ ਮਲੇਰੀਆ ਦਿਵਸ ਦੇ ਸੰਦਰਭ ਵਿੱਚ ਆਮ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਸ਼ੁੱਕਰਵਾਰ ਨੂੰ ਇੱਕ ਜਾਗਰੂਕਤਾ ਪੋਸਟਰ ਜਾਰੀ ਕੀਤਾ। ਇਸ ਸਾਲ ਵਿਸ਼ਵ ਮਲੇਰੀਆ ਦਿਵਸ ਦਾ ਥੀਮ "ਮਲੇਰੀਆ ਨੂੰ ਖਤਮ ਕਰਨ ਲਈ ਵਚਨਬੱਧ: ਹੁਣ ਅਸੀਂ ਕਰ ਸਕਦੇ ਹਾਂ, ਹੁਣ ਸਾਨੂੰ ਕਰਨਾ ਹੀ ਹੋਵੇਗਾ" ਰੱਖਿਆ ਗਿਆ ਹੈ, ਜੋ ਮਲੇਰੀਆ ਦੇ ਖਾਤਮੇ ਲਈ ਸਾਂਝੀ ਜ਼ਿੰਮੇਵਾਰੀ, ਆਧੁਨਿਕ ਚਿਕਿਤਸਾ ਅਤੇ ਜਾਗਰੂਕਤਾ ਦੇ ਮਹੱਤਵ ਨੂੰ ਉਜਾਗਰ ਕਰਦਾ ਹੈ। ਇਸ ਮੌਕੇ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਮਲੇਰੀਆ ਇੱਕ ਗੰਭੀਰ ਪਰ ਰੋਕਥਾਮਯੋਗ ਬਿਮਾਰੀ ਹੈ, ਜੋ ਮਾਦਾ ਐਨੋਫਿਲੀਜ਼ ਮੱਛਰ ਦੇ ਕੱਟਣ ਨਾਲ ਫੈਲਦੀ ਹੈ। ਇਹ ਮੱਛਰ ਸਾਫ ਅਤੇ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ ਅਤੇ ਆਮ ਤੌਰ 'ਤੇ ਰਾਤ ਅਤੇ ਸਵੇਰੇ ਦੇ ਸਮੇਂ ਕੱਟਦਾ ਹੈ। ਉਨ੍ਹਾਂ ਦੱਸਿਆ ਕਿ ਮਲੇਰੀਆ ਦੇ ਮੁੱਖ ਲੱਛਣਾਂ ਵਿੱਚ ਠੰਡ ਅਤੇ ਕਾਂਬੇ ਨਾਲ ਬੁਖਾਰ ਆਉਣਾ, ਤੇਜ਼ ਬੁਖਾਰ, ਸਿਰ ਦਰਦ, ਅਤੇ ਬੁਖਾਰ ਉਤਰਣ ਉਪਰੰਤ ਥਕਾਵਟ ਅਤੇ ਕਮਜ਼ੋਰੀ ਸ਼ਾਮਲ ਹਨ। ਉਨ੍ਹਾਂ ਨੇ ਕਿਹਾ ਕਿ ਕੋਈ ਵੀ ਬੁਖਾਰ ਮਲੇਰੀਆ ਹੋ ਸਕਦਾ ਹੈ, ਇਸ ਲਈ ਲੱਛਣ ਪ੍ਰਗਟ ਹੋਣ 'ਤੇ ਤੁਰੰਤ ਜਾਂਚ ਕਰਵਾਉਣੀ ਲਾਜ਼ਮੀ ਹੈ। ਉਨ੍ਹਾਂ ਨੇ ਹੋਰ ਦੱਸਿਆ ਕਿ ਮਲੇਰੀਆ ਦੀ ਜਾਂਚ ਅਤੇ ਇਲਾਜ ਸਾਰੇ ਸਰਕਾਰੀ ਸਿਹਤ ਕੇਂਦਰਾਂ ਅਤੇ ਹਸਪਤਾਲਾਂ ਵਿੱਚ ਮੁਫ਼ਤ ਉਪਲਬੱਧ ਹੈ। ਇਸ ਲਈ ਲੋਕ ਕਿਸੇ ਵੀ ਤਰ੍ਹਾਂ ਦੇ ਬੁਖਾਰ ਨੂੰ ਅਣਦੇਖਾ ਨਾ ਕਰਨ ਅਤੇ ਨੇੜਲੇ ਸਰਕਾਰੀ ਸਿਹਤ ਸੰਸਥਾਨ ਵਿੱਚ ਤੁਰੰਤ ਜਾਂਚ ਕਰਵਾਉਣ। ਅੰਤ ਵਿੱਚ ਸਿਵਲ ਸਰਜਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਮਲੇਰੀਆ ਤੋਂ ਬਚਾਅ ਲਈ ਸਾਂਝੀ ਭਾਗੀਦਾਰੀ ਬਹੁਤ ਮਹੱਤਵਪੂਰਨ ਹੈ ਅਤੇ ਆਓ ਅਸੀਂ ਸਭ ਮਿਲ ਕੇ ਮੱਛਰਾਂ ਦੇ ਪ੍ਰਜਨਨ ਨੂੰ ਰੋਕ ਕੇ ਮਲੇਰੀਆ ਮੁਕਤ ਸਮਾਜ ਦੀ ਸਥਾਪਨਾ ਲਈ ਯੋਗਦਾਨ ਪਾਈਏ। ਮਲੇਰੀਆ ਤੋਂ ਬਚਾਅ ਲਈ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਘਰਾਂ ਅਤੇ ਆਲੇ-ਦੁਆਲੇ ਪਾਣੀ ਖੜ੍ਹਾ ਨਾ ਹੋਣ ਦਿਓ, ਮੱਛਰਦਾਨੀ ਅਤੇ ਮੱਛਰ ਭਜਾਉਣ ਵਾਲੇ ਉਪਕਰਣਾਂ ਦੀ ਵਰਤੋਂ ਕਰੋ, ਪੂਰੀ ਬਾਂਹਾਂ ਵਾਲੇ ਕੱਪੜੇ ਪਹਿਨੋ, ਖੜ੍ਹੇ ਪਾਣੀ 'ਤੇ ਤੇਲ ਦਾ ਛਿੜਕਾਅ ਕਰਕੇ ਮੱਛਰਾਂ ਦੀ ਪੈਦਾਇਸ਼ ਨੂੰ ਰੋਕੋ।



ਇਸ ਮੌਕੇ ਹੋਰਨਾਂ ਤੋਂ ਇਲਾਵਾ ਡਿਪਟੀ ਮੈਡੀਕਲ ਕਮਿਸ਼ਨਰ ਡਾ ਹਰਪ੍ਰੀਤ ਸਿੰਘ, ਸਹਾਇਕ ਸਿਵਲ ਸਰਜਨ ਡਾ. ਬਲਜੀਤ ਕਮਲ, ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਹਰੀਸ਼ ਕਿਰਪਾਲ, ਜ਼ਿਲ੍ਹਾ ਐਪੀਡੀਮੋਲੋਜਿਸਟ ਸ਼ਿਆਮਾਦੇਬੀ ਵੇਦਾ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਦਲਜੀਤ ਸਿੰਘ, ਹੈਲਥ ਇੰਸਪੈਕਟਰ ਰਾਜੀਵ ਸ਼ਰਮਾ, ਜੋਗਿੰਦਰਪਾਲ ਸਿੰਘ, ਮ.ਪ.ਹ.ਵ. ਰਾਜੇਸ਼ ਕੁਮਾਰ ਤੇ ਈ.ਪੀ.ਆਈ. ਸਹਾਇਕ ਸੁਸ਼ੀਲ ਕੁਮਾਰ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ।

# ਦਲਿਤ ਲੜਕੀ ਨਾਲ ਨਿਆਂ ਨਾ ਹੋਣ ਦੇ ਦੋਸ਼, ਬੀਐਸਪੀ ਨੇ ਸਰਕਾਰ ਨੂੰ ਘੇਰਿਆ

**ਮੋਰਿੰਡਾ, 24 ਅਪ੍ਰੈਲ (ਸੁਖਵਿੰਦਰ ਸਿੰਘ ਹੈਪੀ)** – ਬਹੁਜਨ ਸਮਾਜ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਰਾਜਾ ਰਜਿੰਦਰ ਸਿੰਘ ਨਨਹੇੜੀਆਂ ਨੇ ਰੂਪਨਗਰ ਵਿਖੇ ਜਾਰੀ ਪ੍ਰੈਸ ਨੋਟ ਰਾਹੀਂ ਕੋਆਪ੍ਰੇਟਿਵ ਬੈਂਕ ਚੰਡੀਗੜ੍ਹ ਪੰਜਾਬ ਅਤੇ ਕੋਆਪ੍ਰੇਟਿਵ ਬੈਂਕ ਹੁਸ਼ਿਆਰਪੁਰ ਦੀ ਮੈਨੇਜਮੈਂਟ 'ਤੇ ਇੱਕ ਦਲਿਤ ਲੜਕੀ ਨਾਲ ਲੰਬੇ ਸਮੇਂ ਤੋਂ ਮਾਨਸਿਕ ਤਸ਼ੱਦਦ ਕਰਨ ਦੇ ਗੰਭੀਰ ਦੋਸ਼ ਲਗਾਏ ਹਨ। ਉਨ੍ਹਾਂ ਦੱਸਿਆ ਕਿ ਸਾਲ 2016 ਤੋਂ ਲੜਕੀ ਨਾਲ ਬੈਂਕ ਅੰਦਰ ਸੈਕਸੁਅਲ ਹਰਾਸਮੈਂਟ ਅਤੇ ਕੁੱਟਮਾਰ ਦੀਆਂ ਘਟਨਾਵਾਂ ਵਾਪਰੀਆਂ, ਜਿਸ ਸਬੰਧੀ ਅਡੀਸ਼ਨਲ ਰਜਿਸਟਰਾਰ ਨਿਸ਼ਾ ਰਾਣਾ ਦੀ ਅਗਵਾਈ ਹੇਠ ਬਣੀ ਸੱਤ ਮੈਂਬਰੀ ਕਮੇਟੀ ਨੇ ਪੜਤਾਲ ਕਰਕੇ ਰਿਪੋਰਟ ਪੇਸ਼ ਕੀਤੀ ਸੀ। ਰਿਪੋਰਟ ਵਿੱਚ ਦੋਸ਼ੀਆਂ ਖ਼ਿਲਾਫ਼ ਕਾਰਵਾਈ ਦੀ ਸਿਫਾਰਸ਼ ਹੋਣ ਦੇ ਬਾਵਜੂਦ ਰਜਿਸਟਰਾਰ ਦਫ਼ਤਰ ਵੱਲੋਂ ਕੋਈ ਢੰਗ ਦੀ ਕਾਰਵਾਈ ਨਹੀਂ ਕੀਤੀ ਗਈ। ਉਲਟ, ਬੈਂਕ ਮੈਨੇਜਮੈਂਟ ਨੇ ਪੀੜਤ ਲੜਕੀ ਨੂੰ ਹੀ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ। ਰਾਜਾ ਨਨਹੇੜੀਆਂ ਨੇ ਕਿਹਾ ਕਿ ਪੀੜਤ ਵੱਲੋਂ ਇਸ ਫੈਸਲੇ ਖ਼ਿਲਾਫ਼ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਕੋਲ ਅਪੀਲ ਕੀਤੀ ਗਈ, ਜਿਸ 'ਤੇ ਜਲੰਧਰ ਦੀ ਮੈਡਮ ਜੇ.ਆਰ. ਨੂੰ ਜਾਂਚ ਅਧਿਕਾਰੀ ਨਿਯੁਕਤ ਕੀਤਾ ਗਿਆ। ਜਾਂਚ ਤੋਂ ਬਾਅਦ ਬਰਖ਼ਾਸਤਗੀ ਦੇ ਹੁਕਮ ਰੱਦ ਕਰਦੇ ਹੋਏ ਲੜਕੀ ਨੂੰ ਮੁੜ ਡਿਊਟੀ 'ਤੇ ਬਹਾਲ ਕਰਨ



ਦੇ ਆਦੇਸ਼ ਜਾਰੀ ਕੀਤੇ ਗਏ, ਪਰ ਬੈਂਕ ਪ੍ਰਬੰਧਨ ਵੱਲੋਂ ਅਜੇ ਤੱਕ ਇਹ ਹੁਕਮ ਲਾਗੂ ਨਹੀਂ ਕੀਤੇ ਗਏ। ਉਨ੍ਹਾਂ ਹੋਰ ਦੋਸ਼ ਲਗਾਇਆ ਕਿ ਡਾ. ਰੋਮੀ ਮਹਾਜਨ ਨਾਮਕ ਵਿਅਕਤੀ ਰਾਹੀਂ ਅਧਿਕਾਰੀਆਂ 'ਤੇ ਦਬਾਅ ਪਾ ਕੇ ਪੀੜਤ ਨੂੰ ਇਨਸਾਫ਼ ਤੋਂ ਵਾਂਝਾ ਰੱਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸਦੇ ਨਾਲ ਹੀ ਉਨ੍ਹਾਂ ਕਿਹਾ ਕਿ ਜਬਰ ਜਨਾਹ ਮਾਮਲੇ ਵਿੱਚ ਸ਼ਾਮਲ ਮੁੱਖ ਦੋਸ਼ੀ ਨੂੰ ਮੁੜ ਨੌਕਰੀ 'ਤੇ ਬਹਾਲ ਕਰਨਾ ਗੰਭੀਰ ਚਿੰਤਾ ਦਾ ਵਿਸ਼ਾ ਹੈ ਅਤੇ ਇਸ ਮਾਮਲੇ ਵਿੱਚ ਕੁਝ ਉੱਚ ਅਧਿਕਾਰੀਆਂ ਵੱਲੋਂ ਵੀ ਦੋਸ਼ੀ ਦਾ ਸਾਥ ਦਿੱਤਾ ਜਾ ਰਿਹਾ ਹੈ। ਬੀਐਸਪੀ ਨੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਸਹਿਕਾਰਤਾ ਵਿਭਾਗ ਦੇ ਮਾਮਲੇ ਵਿੱਚ ਤੁਰੰਤ ਦਖ਼ਲ ਦੇ ਕੇ ਪੀੜਤ ਲੜਕੀ ਨੂੰ ਇਨਸਾਫ਼ ਦਿਵਾਇਆ ਜਾਵੇ ਅਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਨਾਲ ਹੀ ਰਾਜਾ ਨਨਹੇੜੀਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਜਲਦ ਨਿਆਂ ਨਾ ਮਿਲਿਆ ਤਾਂ ਓਮੈਕਸ ਨਿਊ ਚੰਡੀਗੜ੍ਹ ਵਿਖੇ ਰੋਸ ਪ੍ਰਦਰਸ਼ਨ ਕਰਕੇ ਪੂਰਾ ਮਾਮਲਾ ਜਨਤਕ ਕੀਤਾ ਜਾਵੇਗਾ।

# ਗ੍ਰਾਮ ਪੰਚਾਇਤ ਛੋਕਰਾਂ ਨੇ ਡੀ. ਐੱਸ. ਪੀ ਫਿਲੌਰ ਤੇ ਬੀ. ਡੀ ਪੀ. ਓ ਫਿਲੌਰ ਨਾਲ ਕਈ ਮੁੱਦਿਆਂ ਅਤੇ ਮੰਗਾਂ 'ਤੇ ਕੀਤੀ ਵਿਚਾਰ ਚਰਚਾ

**ਫਿਲੌਰ/ਅੱਪਰਾ, 24 ਅਪ੍ਰੈਲ (ਦੀਪਾ)**-ਗ੍ਰਾਮ ਪੰਚਾਇਤ ਛੋਕਰਾਂ ਨੇ ਸਰੰਪਚ ਐਡਵੋਕੇਟ ਕ੍ਰਿਪਾਲ ਸਿੰਘ ਪਾਲੀ ਦੀ ਅਗਵਾਈ ਹੇਠ ਡੀ. ਐੱਸ. ਪੀ ਫਿਲੌਰ ਸ੍ਰੀ ਭਰਤ ਮਸੀਹ ਤੇ ਬੀ. ਡੀ. ਪੀ. ਓ ਫਿਲੌਰ ਮੈਡਮ ਜਸਜੀਤ ਕੌਰ ਦੇ ਨਾਲ ਪਿੰਡ ਦੇ ਕਈ ਮੁੱਦਿਆਂ ਅਤੇ ਮੰਗਾਂ 'ਤੇ ਵਿਚਾਰ ਚਰਚਾ ਕੀਤੀ । ਇਸ ਸੰਬਧੀ ਜਾਣਕਾਰੀ ਦਿੰਦਿਆਂ ਸਰਪੰਚ ਐਡਵੋਕੇਟ ਕ੍ਰਿਪਾਲ ਸਿੰਘ ਪਾਲੀ ਨੇ ਦੱਸਿਆ ਕਿ ਪੰਚਾਇਤ ਦੀ ਸ਼ਾਖ ਨੂੰ ਹਰ ਹਾਲ 'ਚ ਬਰਕਰ-ਾਰ ਰੱਖਿਆ ਜਾਵੇ ਤੇ ਸ਼ਰਾਰਤੀ ਅਨਸਰਾਂ ਦੇ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ । ਉਨਾਂ ਬੀ. ਡੀ. ਪੀ. ਓ ਫਿਲੌਰ ਤੋਂ ਪਿੰਡ ਦੇ ਵਿਕਾਸ ਕਾਰਜਾਂ ਲਈ ਗ੍ਰਾਂਟ, ਨਜ਼ਾਇਜ ਕਬਜ਼ੇ ਹਟਾਉਣ , ਪਿੰਡ 'ਚ ਸਟਰੀਟ ਲਾਈਟਾਂ ਲਗਾਉਣ ਤੇ ਛੱਪੜਾਂ ਲਈ ਵਾਟਰ ਟ੍ਰੀਟਮੈਂਟ ਪਲਾਂਟ ਲਗਾਉਣ ਲਈ ਵੱਧ ਤੋਂ





ਵੱਧ ਗ੍ਰਾਂਟਾਂ ਦੀ ਮੰਗ ਕੀਤੀ ਹੈ । ਇਸ ਮੌਕੇ ਮੁਹੰਮਦ ਜੈਦਜੇ. ਏ. ਈ, ਧਰਮਪਾਲ ਪੰਚਾਇਤ ਅਫਸਰ ਤੇ ਪੰਚਾਇਤ ਸੈਕਟਰੀ, ਮਨਦੀਪ ਕੌਰ ਪੰਚ, ਸ੍ਰੀਮਤੀ ਛਿੰਦੋ ਪੰਚ, ਜਤਿੰਦਰਜੀਤ ਕੌਰ ਪੰਚ, ਸੁਰਜੀਤ ਕੌਰ (ਕਿਰਨ) ਪੰਚ, ਮੁਖਤਿਆਰ ਰਾਮ ਪੰਚ, ਤਿਲਕ ਰਾਜ ਪੰਚ, ਸੁਰਿੰਦਰ ਕੁਮਾਰ ਪੰਚ, ਮਨਜੀਤ ਸਿੰਘ ਪੰਚ, ਰਣਜੀਤ ਸਿੰਘ ਪੰਚ ਵੀ ਹਾਜ਼ਰ ਸਨ ।

# ਬ੍ਰਿਗੇਡੀਅਰ ਰਾਜ ਕੁਮਾਰ ਨੇ ਆਮ ਆਦਮੀ ਪਾਰਟੀ ਦੇ ਪੁਰਾਣੇ ਵਰਕਰਾਂ ਨਾਲ ਪਾਰਟੀ ਦੀਆਂ ਗਤੀਵਿਧੀਆਂ ਤੇਜ਼ ਕਰਦਿਆਂ ਨੁੱਕੜ ਮੀਟਿੰਗਾਂ ਸਿਲਸਿਲਾ ਹੋਰ ਤੇਜ਼ੀ ਨਾਲ ਅੱਗੇ ਵਧਾਈਆਂ

**ਨਵਾਂਸ਼ਹਿਰ /ਕਾਠਗੜ੍ਹ 24ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਗੁੱਜਰ ਵੈੱਲਫੇਅਰ ਬੋਰਡ ਪੰਜਾਬ ਦੇ ਚੇਅਰਮੈਨ ਬ੍ਰਿਗੇਡੀਅਰ ਰਾਜਕੁਮਾਰ ਨੇ 2027 ਦੀਆਂ ਨੇੜੇ ਆ ਰਹੀਆਂ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਆਪਣੇ ਪੁਰਾਣੇ ਪਾਰਟੀ ਵਰਕਰਾਂ ਨੂੰ ਤੇਜ਼ ਤਰਾਰ ਕਰਨ ਲਈ ਅੱਜ ਇੱਕ ਮੀਟਿੰਗ ਨੁਕੜ ਮੀਟਿੰਗ ਬਲਾਚੌਰ ਦੇ ਪਿੰਡ ਬਛੌੜੀ ਵਿਖੇ ਕੀਤੀ ਗਈ ਇਹ ਮੀਟਿੰਗ ਉਨ੍ਹਾਂ ਦੇ ਬਹੁਤ ਹੀ ਕਰੀਬੀ ਪ੍ਰਦੀਪ ਕਲੇਰ ਦੇ ਗ੍ਰਹਿ ਵਿਖੇ ਪਹੁੰਚ ਕੇ ਉਨ੍ਹਾਂ ਦੇ ਪਿਤਾ ਸੰਤੋਖ ਦਾਸ ਕਲੇਰ ਉਨ੍ਹਾਂ ਦੇ ਤਾਇਆ ਮਹਿੰਦਰ ਸਿੰਘ ਕਲੇਰ ਸਾਬਕਾ ਸਰਪੰਚ ਨਾਲ ਸਾਂਝੇ ਤੌਰ ਤੇ ਕੀਤੀ ਗਈ ਜਿਸ ਵਿੱਚ ਪਾਰਟੀ ਦੇ ਮੌਜੂਦਾ ਸਿਆਸੀ ਹਲਾਤਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਇਸ ਮੌਕੇ ਬ੍ਰਿਗੇਡੀਅਰ ਰਾਜਕੁਮਾਰ ਨੇ ਪਾਰਟੀ ਵਰਕਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਪਾਰਟੀ ਨੂੰ ਵਧੇਰੇ ਮਜਬੂਰ ਕਰਨ ਲਈ ਪਾਰਟੀ ਵਰਕਰਾਂ ਨਾਲ ਸਪੰਰਕ ਕਰਨ ਲਈ ਪਿੰਡ ਪਿੰਡ ਜਾ ਕੇ ਆਮ ਵੋਟਰਾਂ ਅਤੇ ਪਾਰਟੀ ਵਰਕਰਾਂ ਨਾਲ ਵਿਚਾਰ-ਵਟਾਂਦਰਾ ਕੀਤਾ ਜਾਵੇ ਉਨ੍ਹਾਂ ਕਿਹਾ ਸਾਡਾ ਸਾਰਿਆਂ ਦਾ ਫਰਜ ਬਨਦਾ ਹੈ ਕਿ ਅਸੀ ਸਾਰੇ ਪਾਰਟੀ ਵਰਕਰ ਇੱਕ ਜੁੱਟ ਹੋ ਕੇ ਪਾਰਟੀ ਗਤੀਵਿਧੀਆਂ ਨੂੰ ਤੇਜ਼ ਕਰਦਿਆਂ ਲੋਕਾਂ ਵਿੱਚ ਭਗਵੰਤ ਸਿੰਘ ਮਾਨ ਸਰਕਾਰ ਵਲੋਂ ਪੰਜਾਬ ਭਰ



ਵਿੱਚ ਕੀਤੇ ਗਏ ਵਿਕਾਸ ਦੇ ਕੰਮਾਂ ਨੂੰ ਲੋਕਾਂ ਦੀ ਕਚਹਿਰੀ ਵਿੱਚ ਪਹੁੰਚਾ ਕਿ ਪਾਰਟੀ ਨੂੰ ਹੋਰ ਬੁਲੰਦੀਆਂ ਤੇ ਪਹੁੰਚੀਏ। ਉਨ੍ਹਾਂ ਕਿਹਾ ਮੈ ਖੁਦ ਵੀ ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਪਾਰਟੀ ਵਲੋਂ ਕੀਤੀਆਂ ਜਾ ਰਹੀਆਂ ਵਿਕਾਸ ਕਾਰਜਾਂ ਦੀਆਂ ਲੜੀਆਂ ਨੂੰ ਲੋਕਾਂ ਦੇ ਧਿਆਨ ਵਿੱਚ ਲਿਆਕੇ ਲੋਕਾਂ ਦੀ ਹਮਦਰਦੀ ਹਾਸਲ ਕਰਾਂਗਾ ਉਨ੍ਹਾਂ ਦਾਅਵੇ ਨਾਲ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਮੁੜ ਚੋਣਾਂ ਜਿੱਤ ਕੇ ਆਪਣੀ ਸਰਕਾਰ ਬਣਾਵੇਗੀ ਅੱਜ ਉਨ੍ਹਾਂ ਹਰ ਵਰਗ ਦੇ ਵੋਟਰਾਂ ਅਤੇ ਸਪੋਟਰਾਂ ਨੂੰ ਆਮ ਆਦਮੀ ਪਾਰਟੀ ਨਾਲ ਮਿਲ ਕੇ ਚੱਲਣ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ ਇਸ ਮੌਕੇ ਸੇਵਾਦਾਰ ਅਮਰਜੀਤ ਸਿੰਘ ,ਭਾਈ ਲਖਵੀਰ ਸਿੰਘ ਸਮੇਤ ਪਿੰਡ ਵਾਸੀ ਹਾਜ਼ਰ ਸਨ।

# ਔਰਤਾਂ ਲਈ 33 ਫੀਸਦ ਰਿਜ਼ਰਵੇਸ਼ਨ ਬਿੱਲ ਬਾਰ ਬਾਰ ਕਿਉ ਲਟਕ ਰਿਹਾ?

ਸੰਸਦ ਅਤੇ ਵਿਧਾਨ ਸਭਾਵਾਂ ਵਿੱਚ ਔਰਤਾਂ ਲਈ 33 ਫੀਸਦੀ ਰਿਜ਼ਰਵੇਸ਼ਨ ਲਈ ਸੰਵਿਧਾਨਕ ਸੋਧ ਬਿੱਲ 131, ਸੰਵਿਧਾਨ ਦੇ ਆਰਟੀਕਲ 239 ਏ ਏ, ਨੂੰ ਸੋਧ ਲਈ 17 ਅਪ੍ਰੈਲ ਨੂੰ ਵਿਰੋਧੀ ਧਿਰਾਂ ਦੀ ਸਹਿਮਤੀ ਤੋਂ ਬਿਨਾਂ ਹੀ ਸੰਸਦ ਦੇ ਹੇਠਲੇ ਸਦਨ ਲੋਕ ਸਭਾ ਵਿਚ ਪੇਸ਼ ਕੀਤਾ ਗਿਆ। ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਨੇ ਬਿੱਲ ਪੇਸ਼ ਕਰਦਿਆ ਕਿਹਾ ਕਿ ਸੰਵਿਧਾਨਕ ਸੋਧ ਬਿੱਲ-2026 ਨਾਲ ਲੋਕ ਸਭਾ ਦੀਆਂ ਸੀਟਾਂ 543 ਤੋਂ ਵਧਾਕੇ 850 ਕੀਤੀਆਂ ਜਾਣਗੀਆਂ, ਜਿਨ੍ਹਾਂ ਵਿਚੋ 273 ਸੀਟਾਂ ਔਰਤਾਂ ਲਈ ਰਾਖਵੀਆਂ ਹੋਣਗੀਆਂ। ਉਨ੍ਹਾਂ ਕਿਹਾ ਕਿ ਇਹ ਬਿੱਲ ਔਕਤਾਂ ਦੇ ਅਧਿਕਾਰਾਂ ਲਈ ਮੀਲ ਪੱਥਰ ਸਾਬਤ ਹੋਵੇਗਾ।

ਵਿਰੋਧੀ ਧਿਰਾਂ ਖਾਸ ਕਰ ਕਾਂਗਰਸ, ਐਸ ਪੀ, ਡੀ ਐਮ ਕੇ, ਟੀ ਐਮ ਸੀ, ਆਰ ਐਲ ਡੀ ਦੇ ਆਗੂ ਔਰਤਾਂ ਲਈ 33 ਫੀਸਦੀ ਰਿਜ਼ਰਵੇਸ਼ਨ ਦੇ ਹੱਕ ਵਿਚ ਤਾਂ ਬੋਲੇ ਪਰ ਉਨ੍ਹਾਂ ਇਸ ਸੰਵਿਧਾਨਕ ਸੋਧ ਬਿੱਲ 131 ਨੂੰ ਭਾਜਪਾ ਦੀ ਸਾਜਿਸ਼ ਕਰਾਰਦਿਆਂ ਕਿਹਾ ਕਿ ਔਰਤਾਂ ਦੀ ਰਿਜ਼ਰਵੇਸ਼ਨ ਲਈ ਪਹਿਲਾਂ ਜਾਤੀ ਜਨਗਣਨਾ ਅਤੇ ਸਾਥ ਹੀ ਔਰਤਾਂ ਦੀ ਜਨਗਣਨਾ ਜਰੂਰੀ ਹੈ, ਫਿਰ ਅਬਾਦੀ ਦੇ ਅਨੁਪਾਤ ਅਨੁਸਾਰ ਹੀ ਔਰਤਾਂ ਨੂੰ ਰਿਜ਼ਰਵੇਸ਼ਨ ਦਿੱਤੀ ਜਾਵੇ। ਇਸ ਤੋਂ ਬਾਅਦ ਹੀ ਹਲਕਿਆਂ ਦੀ ਹੱਦਬੰਦੀ ਸਹੀ ਢੰਗ ਨਾਲ ਕੀਤੀ ਜਾ ਸਕੇਗੀ। ਵਿਰੋਧੀ ਧਿਰਾਂ ਦੀ ਇਹ ਵੀ ਦਲੀਲ ਹੈ ਕਿ ਸੱਤਾਧਾਰੀ ਧਿਰ, 'ਮਹਿਲਾ ਰਾਖਵਾਂਕਰਨ ਬਿੱਲ ਨੂੰ ਹੱਦਬੰਦੀ ਦੀ ਪ੍ਰਕਿਰਿਆ ਨਾਲ ਜੋੜਕੇ ਭਾਜਪਾ ਵਾਲੇ ਸ਼ਾਸਤ ਰਾਜਾਂ ਵਿਚ ਕੋਈ ਲਾਹਾ ਲੈਣਾ ਚਾਹੁੰਦੀ ਹੈ।

ਲੋਕ ਸਭਾ ਵਿਚ ਦੋ ਦਿਨਾਂ ਚਲੀ ਬਹਿਸ ਵਿਚ ਕਰੀਬ 130 ਸੰਸਦ ਮੈਂਬਰਾਂ ਨੇ ਹਿੱਸਾ ਲਿਆ। ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਕਿਹਾ ਕਿ ਜੇ 1911 ਦੀ ਮਰਦਮਸ਼ੁਮਾਰੀ ਦੇ ਅਧਾਰ 'ਤੇ ਹੱਦਬੰਦੀ ਹੁੰਦੀ ਹੈ ਤਾਂ ਇਸ ਨਾਲ ਦੇਸ਼ ਦਾ ਨਕਸ਼ਾ ਹੀ ਬਦਲ ਜਾਵੇਗਾ। ਤਾਮਲ ਨਾਡੂ ਦੇ ਮੁੱਖ ਮੰਤਰੀ ਐਮ ਕੇ ਸਟਾਲਿਨ ਨੇ ਕਿਹਾ ਕਿ ਕੇਦਰ ਸਰਕਾਰ ਦੀ ਹਲਕਾਬੰਦੀ ਇਕ ਸਾਜਿਸ਼ ਹੈ। ਇਸ ਨਾਲ ਇਹ ਸਾਬਤ ਹੋ ਗਿਆ ਕਿ ਕੇਂਦਰ ਸਰਕਾਰ ਸਾਡੀਆਂ ਸੀਟਾਂ ਘਟਾਕੇ ਉਹ ਉਤਰ ਤੇ ਦੱਖਣ ਵਿਚ ਪਾੜਾ ਵਧਾਉਣਾ ਚਾਹੁੰਦੀ ਹੈ। ਸ਼੍ਰੀਮਤੀ ਪ੍ਰਿੰਕਾ ਗਾਂਧੀ ਨੇ ਕਿਹਾ ਕਿ ਇਹ ਬਿੱਲ ਸੰਘੀ ਢਾਂਚੇ ਨੂੰ ਤਬਾਹ ਕਰਨ ਵਾਲਾ ਹੈ।

131ਵੀ ਸੰਵਿਧਾਨਕ ਸੋਧ ਬਿੱਲ-2026 'ਤੇ ਹੋਈ ਵੋਟਿੰਗ ਸਮੇਂ ਬਿੱਲ ਦੇ ਪੱਖ ਵਿਚ 298 ਅਤੇ ਬਿੱਲ ਦੇ ਵਿਰੋਧ ਵਿਚ 230 ਵੋਟ ਪਏ। ਲੋਕ ਸਭਾ ਦੇ 528 ਮੈਂਬਰਾਂ ਨੇ ਵੋਟ ਪਾਏ, ਪਰ ਸੰਵਿਧਾਨਕ ਸੋਧ ਬਿੱਲ ਲਈ ਦੋ-ਤਿਹਾਈ ਬਹੁਮੱਤ ਵਾਸਤੇ 352 ਵੋਟਾਂ ਦੀ ਲੋੜ ਸੀ ਜੋ ਮੋਦੀ ਸਰਕਾਰ ਜੁਟਾ ਨਾ ਪਾ ਸਕੀ, ਸਿੱਟੇ ਵਜੋਂ ਬਿਲ ਡਿੱਗ ਪਿਆ। ਮਹਿਲਾ ਰਾਖਵਾਂਕਰਨ ਬਿੱਲ ਫਿਰ ਲਟਕ ਗਿਆ। ਪਿੱਛਲੇ 12ਸਾਲਾਂ ਵਿਚ ਇਹ ਪਹਿਲੀ ਵਾਰ ਹੈ ਕਿ ਸ਼੍ਰੀ ਨਰਿੰਦਰ ਮੋਦੀ ਦੀ ਸਰਕਾਰ ਨੂੰ ਸੰਵਿਧਾਨਕ ਸੋਧ ਬਿੱਲ 'ਤੇ ਹਾਰ ਦਾ ਸਾਹਮਣਾ ਕਰਨਾ ਪਿਆ ਹੈ।

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਚੈਨਲਾਂ 'ਤੇ ਔਰਤਾਂ ਤੋਂ ਮੁਆਫੀ ਮੰਗਦਿਆਂ ਕਿਹਾ ਕਿ ਅੱਜ ਦੇਸ਼ ਦਾ ਹਰ ਆਦਮੀ ਦੇਖ ਰਿਹਾ ਹੈ ਕਿ ਕਿਵੇਂ ਦੇਸ਼ ਵਿਚ ਔਰਤਾਂ ਨੂੰ ਅੱਗੇ ਵਧਣ ਤੋਂ ਰੋਕ ਦਿਤਾ ਗਿਆ ਹੈ। ਉਨਾਂ ਕਿਹਾ, 131ਵੀ ਸੰਵਿਧਾਨਕ ਸੋਧ ਬਿੱਲ-2026 ਨੂੰ ਡੇਗਕੇ ਵਿਰੋਧੀ ਧਿਰਾਂ ਖਾਸ ਕਰ ਕਾਂਗਰਸ, ਐਸ ਪੀ, ਡੀ ਐਮ ਕੇ, ਟੀ ਐਮ ਸੀ ਨੇ ਪਾਪ ਕੀਤਾ ਹੈ। ਇਸ ਦੀ ਵਿਰੋਧੀਆਂ ਨੂੰ ਸਜਾ ਮਿਲੇਗੀ। ਉਨਾਂ ਇਹ ਵੀ ਕਿਹਾ ਕਿ ਅਜਿਹਾ ਕਰਕੇ ਵਿਰੋਧੀ ਧਿਰਾਂ ਨੇ ਸੰਵਿਧਾਨ ਦਾ ਨਿਰਾਦਰ ਕੀਤਾ ਹੈ। ਇਸ 'ਤੇ ਕਾਂਗਰਸ ਆਗੂ ਜੈਰਾਮ ਰਮੇਸ਼ ਨੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਟਿੱਪਣੀ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਕੱਲ੍ਹ ਨੂੰ ਹੀ ਲੋਕ ਸਭਾ ਦੀਆਂ ਮਜ਼ੂਦਾ ਸੀਟਾਂ ਮੁਤਾ-ਬਕ, ਔਰਤਾਂ ਲਈ 33 ਫੀਸਦੀ ਰਿਜ਼ਰਵੇਸ਼ਨ ਲਾਗੂ ਕਰਨ ਲਈ ਬਿੱਲ ਸੰਸਦ ਵਿਚ ਲੈ ਕੇ ਆਉਣ, ਕਾਂਗਰਸ ਪਾਰਟੀ ਇਸ ਦੀ ਹਮਾਇਤ ਕਰੇਗੀ।

ਔਰਤਾਂ ਦੇ ਬਰਾਬਰ ਅਧਿਕਾਰਾਂ ਲਈ ਇਹ ਬਿੱਲ ਸੰਸਦ ਵਿਚ ਪਹਿਲੀ ਬਾਰ ਨਹੀ ਡਿੱਗਿਆ, ਇਸ ਤੋਂ ਪਹਿਲਾਂ ਵੀ ਸੰਸਦ ਤੇ ਵਿਧਾਨ ਪ੍ਰੀਸ਼ਦਾਂ 'ਚ ਮਹਿਲਾ ਰਾਖਵਾਂਕਰਨ ਲਈ ਬਿੱਲ ਆਏ ਪਰ ਬਿੱਲ ਪਾਸ ਨਹੀਂ ਹੋਣ ਦਿੱਤੇ ਗਏ। 2023 ਵਿਚ ਇਹੀ ਸਰਕਾਰ ਮਹਿਲਾ ਰਾਖਵਾਂਕਰਨ ਬਿੱਲ ਲੈ ਕੇ ਆਈ ਸੀ, ਉਸ ਵੇਲੇ ਬਿੱਲ ਸਰਬ ਸੰਮਤੀ ਨਾਲ ਪਾਸ ਵੀ ਹੋ ਗਿਆ ਸੀ ਪਰ ਉਸ ਬਿੱਲ ਵਿਚ ਐਸ ਸੀ/ਐਸ ਟੀ ਦੀ ਰਿਜ਼ਰਵੇਸ਼ਨ ਦਾ ਅਲੱਗ ਜਿਕਰ ਨਾ ਹੋਣ ਕਾਰਨ ਇਸ ਬਿੱਲ ਨੂੰ ਸਰਕਾਰ ਨੇ 2029 ਤੋਂ ਬਾਅਦ ਲਾਗੂ ਕਰਨ ਲਈ 1934 ਤਕ ਲਟਕਾ ਦਿੱਤਾ ਸੀ।

ਦੇਸ਼ ਦੀਆਂ ਲਗਪਗ ਸਾਰੀਆਂ ਪਾਰਟੀਆਂ ਦੇ ਨੇਤਾ ਵੋਟਾਂ ਲਈ ਔਰਤਾਂ ਦੀ ਹਾਲਤ ਬਾਰੇ ਵੱਡੇ-ਵੱਡੇ ਭਾਸ਼ਣ ਦਿੰਦੇ ਰਹਿੰਦੇ ਹਨ, ਪਰ ਇਨ੍ਹਾਂ ਆਗੂਆਂ ਹੀ ਅੱਜ ਤਕ ਸੰਸਦ ਤੇ ਵਿਧਾਨ ਪ੍ਰੀਸ਼ਦਾਂ 'ਚ ਮਹਿਲਾ ਰਾਖਵਾਂਕਰਨ ਬਿੱਲ ਪਾਸ ਨਹੀਂ ਹੋਣ ਦਿੱਤਾ। ਅਸਲ 'ਚ ਸੱਤਾਧਾਰੀ ਤੇ ਵਿਰੋਧੀ ਆਗੂ ਹੀ ਨਹੀ ਚਾਹੁੰਦੇ ਕਿ ਇਹ ਬਿਲ ਪਾਸ ਹੋਵੇ? ਕਿਉਕਿ ਇਸ ਨਾਲ 33ਪ੍ਰਤੀਸਤ ਵੱਖ ਵੱਖ ਰਾਜਨੀਤਕ ਪਾਰਟੀਆਂ ਦੇ ਲੀਡਰਾਂ ਨੂੰ ਔਰਤਾਂ ਲਈ ਆਪਣੀਆਂ ਸੀਟਾਂ ਛੱਡਣੀਆਂ ਪੈਣੀਆਂ ਹਨ। ਹਿੰਦੋਸਤਾਨੀ ਮਰਦ ਪ੍ਰਧਾਨ ਸਮਾਜ 'ਚ ਉਹ ਆਪਣੀ ਹਉਮੇ ਬਣਾਈ ਰੱਖਣ ਲਈ ਔਰਤਾਂ ਵਿਰੁੱਧ ਇਕੱਠੇ ਹੋ ਜਾਂਦੇ ਹਨ, ਇਸੇ ਕਾਰਨ ਪਿੱਛਲੇ 20 ਸਾਲਾਂ ਤੋਂ ਮਹਿਲਾ ਰਾਖਵਾਂਕਰਨ ਬਿੱਲ ਪਾਸ ਨਾ ਹੋਣ ਦੇਣਾ, ਇਸ ਦਾ ਪ੍ਰਤੱਖ ਸਬੂਤ ਤਾਂ ਹੈ ਹੀ ਪਰ ਇਹ ਸਾਡੇ ਸਮਾਜ ਵਿੱਚ ਛਾਈ ਹੋਈ ਮਰਦ ਪ੍ਰਧਾਨ ਸੋਚ ਦਾ ਸੂਚਕ ਵੀ ਹੈ।

ਸੰਯੁਕਤ ਰਾਸ਼ਟਰ ਦੀ ਮਹਾਂਸਭਾ ਨੇ 1948 ਨੂੰ ਮਨੁੱਖੀ ਅਧਿਕਾਰਾਂ ਦੀ ਸਰਵਵਿਆਪੀ ਘੋਸ਼ਣਾ ਕਰਦਿਆ ਕਿਹਾ ਸੀ ਕਿ ਕਿਸੇ ਨਾਲ ਵੀ ਨਸਲ, ਰੰਗ, ਿ ਗ, ਭਾਸ਼ਾ ਅਤੇ ਖਿੱਤੇ ਦੇ ਅਧਾਰ 'ਤੇ ਭਾਦ ਭਾਵ ਨਹੀ ਕੀਤਾ ਜਾ ਸਕਦਾ। 8 ਮਾਰਚ ਨੂੰ ਸਮੁੱਚੇ ਵਿਸ਼ਵ ਪੱਧਰ 'ਤੇ ਕੌਮਾਂਤਰੀ ਔਰਤ ਦਿਵਸ ਵਜੋਂ ਮਨਾਇਆ ਜਾਂਦਾ ਹੈ। 26 ਜਨਵਰੀ 1950 ਨੂੰ ਭਾਰਤੀ ਸੰਵਿਧਾਨ ਦੇ ਅਨੁਛੇਦ :14 ਰਾਂਹੀ ਕਨੂੰਨ ਸਾਹਮਣੇ ਸਭ ਨੂੰ ਬਰਾਬਰ ਅਧਿਕਾਰ, 15 ਰਾਂਹੀ ਮਜ਼ਹਬ, ਵੰਸ਼, ਜਾਤ, ਿ ਗ ਤੇ ਜਨਮ ਸਥਾਨ ਦੇ ਅਧਾਰ 'ਤੇ ਭੇਦ ਭਾਵ ਦੀ ਮਨਾਹੀ ਅਤੇ ਆਰਟੀਕਲ 16 ਰਾਂਹੀ ਸਭ ਨੂੰ ਬਰਾਬਰ ਮੌਕੇ ਦਿੱਤੇ ਗਏ।

ਇੱਥੇ ਇਹ ਵੀ ਜਿਕਰਯੋਗ ਹੈ ਕਿ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਦਰਜ 'ਇਕ ਆਦਮੀ, ਇਕ ਵੋਟ ਤੇ ਇਕ ਕੀਮਤ ਦੇ ਸਿਧਾਂਤ ਨੂੰ ਵਿਵਹਾਰਕ ਬਣਾਉਣ ਅਤੇ ਭਾਰਤ ਵਿਚ ਔਰਤਾਂ ਦੇ ਬਰਾਬਰ ਅਧਿਕਾਰਾਂ ਲਈ ਡਾ.ਅੰਬੇਡਕਰ ਨੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਸਹਿਮਤੀ ਨਾਲ ਹਿੰਦੂ ਕੋਡ ਬਿੱਲ ਤਿਆਰ ਕੀਤਾ, ਜਿਸ ਵਿਚ ਔਰਤਾਂ ਨੂੰ ਮਨੁੱਖੀ ਅੱਤਿਆਚਾਰਾਂ ਤੋਂ ਬਚਾਉਣ ਲਈ, ਔਰਤ ਨੂੰ ਤਲਾਕ ਦਾ ਹੱਕ, ਮਨੁੱਖ ਦੀ ਆਰਥਿਕ ਗੁਲਾਮੀ ਤੋਂ ਮੁਕਤ ਕਰਾਉਣ ਲਈ ਜਾਇਦਾਦ ਮਾਲਕੀ ਦਾ ਅਧਿਕਾਰ, ਆਪਣਾ ਵਾਰਿਸ ਚੁਣਨ ਅਤੇ ਬੱਚਾ ਗੋਦ ਲੈਣ ਦਾ ਹੱਕ ਵੀ ਦਿੱਤਾ ਗਿਆ।

5 ਫਰਵਰੀ 1951 ਨੂੰ ਕਾਨੂੰਨ ਮੰਤਰੀ ਹੁੰਦੇ ਹੋਏ ਡਾ.ਅੰਬੇਡਕਰ ਨੇ ਹਿੰਦੂ ਕੋਡ ਬਿੱਲ ਕੇਂਦਰੀ ਵਿਧਾਨ ਮੰਡਲ ਵਿਚ ਪੇਸ਼ ਕੀਤਾ। 17 ਸਤੰਬਰ 1951 ਨੂੰ ਬਿੱਲ ਤੇ ਬਹਿਸ ਸ਼ੁਰੂ ਹੋ ਗਈ। ਮਨੂੰਵਾਦੀਆਂ ਡਾ.ਸ਼ਿਆਮਾ ਪ੍ਰਸ਼ਾਦ ਮੁਖਰ ਜੀ ਅਤੇ ਅਚਾਰੀਆ ਕਿਰਪਲਾਨੀ ਨੇ ਬਿੱਲ ਦਾ ਵਿਰੋਧ ਕੀਤਾ, ਪਰ ਉਸ ਦੀ ਪਤਨੀ ਸੁਚੇਤਾ ਕਿਰਪਲਾਨੀ ਨੇ ਹਮਾਇਤ ਕੀਤੀ। ਬਿੱਲ 'ਤੇ 30 ਘੰਟੇ 20 ਮਿੰਟ ਬਹਿਸ ਹੋਈ, ਪਰ ਸੰਸਦ ਵਿਚ ਮਨੂੰਵਾਦੀਆਂ ਦਾ ਗਲਬਾ ਹੋਣ ਕਾਰਨ ਬਿੱਲ ਪਾਸ ਨਾ ਹੋ ਸਕਿਆ। ਡਾ. ਅੰਬੇਡਕਰ ਨੇ 28 ਸਤੰਬਰ 1951 ਨੂੰ ਮੰਤਰੀ ਮੰਡਲ ਤੋਂ ਤਿਆਗ ਪੱਤਰ ਦੇ ਦਿੱਤਾ। (ਮੋਦੀ-ਸ਼ਾਹ ਨੇ ਨਹੀ) ਉਨ੍ਹਾਂ ਕਿਹਾ, ''ਜਦ ਤੱਕ ਦੇਸ਼ ਵਿਚ ਔਰਤ ਨੂੰ ਨੰਬਰ ਦੋ ਦਾ ਨਾਗਰਿਕ ਸਮਝਿਆ ਜਾਂਦਾ ਰਹੇਗਾ ਅਤੇ ਉਸ ਨੂੰ ਮਰਦਾਂ ਦੇ ਬਰਾਬਰ ਨਹੀਂ ਆਉਣ ਦਿੱਤਾ ਜਾਵੇਗਾ, ਤਦ ਤੱਕ ਦੇਸ਼ ਦੀ ਅਬਾਦੀ ਦਾ ਅੱਧਾ ਭਾਗ ਗੁਲਾਮ ਹੀ ਬਣਿਆ ਰਹੇਗਾ। ਉਨ੍ਹਾਂ ਸਪੱਸ਼ਟ ਐਲਾਨਿਆਂ ਕਿ ਜਦ ਤੱਕ ਔਰਤਾਂ ਰਾਜਨੀਤਕ ਕ੍ਰਾਂਤੀ ਵਿਚ ਹਿੱਸੇਦਾਰ ਨਹੀਂ ਬਣਨਗੀਆਂ ਕ੍ਰਾਂਤੀ ਸਮਾਜਿਕ ਹੋਵੇ ਜਾਂ ਆਰਥਿਕ ਉਹ ਅਧੂਰੀ ਹੀ ਰਹੇਗੀ।''


ਔਰਤਾਂ ਲਈ 33 ਫੀਸਦੀ ਰਿਜ਼ਰਵੇਸ਼ਨ ਬਿੱਲ ਬਾਰ ਬਾਰ ਇਸ ਕਰਕੇ ਲਟਕ ਰਿਹਾ?

ਓ ੁ ਘ `

ਪਾਰਲੀਮੈਂਟੈਰੀਅਨ ਸ਼ਾਰਦ ਯਾਦਵ ਨੇ ਪਾਰਲੀਮੈਂਟ 'ਚ ਕਿਹਾ ਸੀ ਕਿ ਭਾਰਤੀ ਸੰਵਿਧਾਨ ਵਿੱਚ ਰਿਜ਼ਰਵੇਸ਼ਨ ਦੀ ਸੁਵਿਧਾ ਸਿਰਫ ਸਮਾਜ ਦੇ ਪੱਛੜੇ ਅਤੇ ਕਮਜ਼ੋਰ ਵਰਗਾਂ ਲਈ ਹੈ। ਉਚਜਾਤੀਆਂ ਲਈ ਰਿਜ਼ਰਵੇਸ਼ਨ ਦਾ ਕੋਈ ਕਨੂੰਨ ਨਹੀ ਹੈ। ਉੱਚ ਜਾਤੀ ਔਰਤਾਂ ਪਹਿਲਾਂ ਹੀ ਪਿਉ, ਪਤੀ ਅਤੇ ਪੁੱਤਰਾਂ ਦੀ ਜਾਇਦਾਦ ਨਾਲ ਸਾਧਨ ਸੰਪਨ ਹਨ। ਇਸ ਲਈ ਰਿਜ਼ਰਵੇਸ਼ਨ ਦੀ ਜਰੂਰਤ ਉੱਚ ਜਾਤੀ ਔਰਤਾਂ ਨੂੰ ਨਹੀਂ ਬਲਕਿ ਦਲਿਤ ਔਰਤਾਂ ਨੂੰ ਹੈ। ਉਚਜਾਤੀ ਗਰੀਬ ਔਰਤਾਂ ਲਈ ਰਿਜ਼ਰਵੇਸ਼ਨ ਹੋ ਜਾਏ, ਕਿਸੇ ਨੂੰ ਕੋਈ ਇਤਰ-ਾਜ਼ ਨਹੀਂ। ਪ੍ਰੰਤੂ ਰਾਜਨੀਤੀ ਤੇ ਸਰਕਾਰੇ ਦਰਬਾਰੇ ਸੋਨੀਆ ਗਾਂਧੀ, ਸੁਸ਼ਮਾ ਸਵਰਾਜ, ਉਮਾ ਭਾਰਤੀ, ਜੈ ਲਲਿਤਾ, ਮਮਤਾ ਬੈਨਰਜੀ, ਮੇਨਕਾ ਗਾਂਧੀ, ਸ਼ੀਲਾ ਦੀਕਸ਼ਿਤ, ਗਿਰਜਾ ਵਿਆਸ, ਅੰਬਕਿਾ ਸੋਨੀ, ਬਿੰਦਰਾ ਕਰਾਤ, ਨਲਿਨੀ ਸਿੰਘ, ਮਹਾਂਰਾਣੀ ਸਿੰਧੀਆ, ਵਸੁੰਦਰਾ ਰਾਜੇ ਸਿੰਧੀਆ, ਮਹਾਰਾਣੀ ਪ੍ਰਨੀਤ ਕੌਰ, ਹੇਮਾ ਮਾਲਿਨੀ, ਜਯਾ ਬੱਚਨ, ਜੈ ਪ੍ਰਦਾ, ਐਸ਼ਵਰੀਆ ਰਾਏ, ਮਨੀਸ਼ਾ ਕੋਇਰਾਲਾ, ਜੂਹੀ ਚਾਵਲਾ, ਮਲਿਕਾ ਸ਼ੇਰਾਵਤ, ਰਵੀਨਾ ਟੰਡਨ, ਕਰੀਨਾ ਕਪੂਰ, ਕਰਿਸ਼ਮਾ ਕਪੂਰ, ਕਾਜੋਲ, ਪ੍ਰੀਟੀ ਜ਼ਿੰਟਾ, ਰਾਣੀ ਮੁਖਰਜੀ, ਬਿਪਾਸ਼ਾ ਬਸੂ, ਸੁਸ਼ਮਿਤਾ ਸੇਨ, ਸ਼ਿਲਪਾ ਸ਼ੈਟੀ, ਪ੍ਰਿਯੰਕਾ ਚੋਪੜਾ, ਨੇਹਾ ਧੂਪੀਆ, ਏਸਾ ਦਿਓਲ, ਸੋਨਾਲੀ ਬੇਂਦਰੇ, ਅਮਿਸ਼ਾ ਪਟੇਲ, ਸ਼੍ਰੀ ਦੇਵੀ ਆਦਿ ਅਣਗਿਣਤ ਔਰਤਾਂ ਪਹਿਲਾਂ ਹੀ ਆਪਣੇ ਹਿੱਸੇ ਤੋਂ ਜ਼ਿਆਦਾ ਸੀਟਾਂ ਉਤੇ ਕਾਬਜ਼ ਹਨ। ਇਨ੍ਹਾਂ ਨੂੰ ਰਿਜ਼ਰਵੇਸ਼ਨ ਦੀ ਕਿੱਥੇ ਲੋੜ ਹੈ?

ਇਹ ਬਿੱਲ ਐਸ ਸੀ/ਐਸ ਟੀ ਦੀ ਰਿਜ਼ਰਵੇਸ਼ਨ ਨੂੰ ਖਤਮ ਕਰਨ ਲਈ ਇੱਕ ਡੂੰਘੀ ਸਾਜਿਸ਼ ਹੈ ਕਿਉਕਿ 273 ਸੀਟਾਂ ਔਰਤਾਂ ਲਈ ਜੋ ਰਾਖਵੀਆਂ ਹੋਣਗੀਆਂ, ਉਨ੍ਹਾਂ ਵਿਚ ਐਸ ਸੀ/ਐਸ ਟੀ ਦੀ ਰਿਜ਼ਰਵੇਸ਼ਨ ਦਾ ਅਲੱਗ ਜਿਕਰ ਨਹੀ ਹੈ। ਇਹ ਰਾਜਨੀਤਕ ਪਾਰਟੀਆਂ ਉਤੇ ਛੱਡ ਦਿੱਤਾ ਗਿਆ ਹੈ। ਜਦਕਿ ਦਲਿਤ ਆਗੂ ਮੰਗ ਕਰਦੇ ਹਨ ਕਿ ਔਰਤਾਂ ਲਈ 273 ਰਾਖਵੀਆਂ ਕੀਤੀਆਂ ਜਾ ਰਹੀਆਂ ਸੀਟਾਂ ਵਿਚੋ ਪਹਿਲਾਂ ਹੀ ਸੰਵਿਧਾਨ ਅਨੁਸਾਰ ਦਲਿਤ ਔਰਤਾਂ ਲਈ ਵੀ ਅਲੱਗ ਸੀਟਾਂ ਰਾਖਵੀਆਂ ਹੋਣਗੀਆਂ ਚਾਹੀਦੀਆਂ ਹਨ। ਉਨ੍ਹਾਂ ਦੀ ਇਹ ਵੀ ਦਲੀਲ ਹੈ ਕਿ ਰਾਜ ਸਭਾ ਵਿਚ ਰਿਜ਼ਜਰਵੇਸ਼ਨ ਨਹੀ ਹੈ, ਕੀ ਰਾਜਨੀਤਕ ਪਾਰਟੀਆਂ ਨੇ ਕਦੇ ਦਲਿਤ ਔਰਤਾਂ ਨੂੰ ਚੁਣਕੇ ਲਿਆਂਦਾ? ਪੰਜਾਬ ਨੂੰ ਹੀ ਲੈ ਲਓ, ਇੱਥੇ ਸਤ ਰਾਜ ਸਭਾ ਦੀਆਂ ਸੀਟਾਂ ਹਨ, ਸੱਤਾਧਾਰੀ ਪਾਰਟੀ ਨੇ ਦਲਿਤ ਔਰਤਾਂ ਨੂੰ ਤਾਂ ਕੀ ਉਸ ਤਾਂ ਕਿਸੇ ਦਲਿਤ ਮਰਦ ਨੂੰ ਵੀ ਸੀਟ ਨਹੀ ਦਿੱਤੀ?

ਲੋਕ ਸਭਾ 'ਚ ਐਸ ਸੀ/ਐਸ ਟੀ ਲਈ ਪਹਿਲਾਂ ਹੀ ਅਲੱਗ ਰਿਜ਼ਵੇਸ਼ਨ ਦੀ ਸੰਵਿਧਾਨਕ ਵਿਵਸਥਾ ਹੋਣ ਕਾਰਨ ਹੀ ਸਾਰੀਆਂ ਰਾਜਨੀਤਕ ਪਾਰਟੀਆਂ ਐਸ ਸੀ/ਐਸ ਟੀ ਨੂੰ ਰਿਜ਼ਰਵ ਸੀਟਾਂ ਦਿੰਦੀਆਂ ਹਨ। ਇਹ ਉਨਾਂ ਸਭ ਦੀ ਸੰਵਿਧਾਨਕ ਮਜ਼ਬੂਰੀ ਹੁੰਦੀ ਹੈ। ਦਲਿਤ ਆਗੂਆਂ ਦਾ ਇਹ ਵੀ ਖਦਸ਼ਾ ਹੈ ਕਿ ਭਾਜਪਾ ਇਸ ਬਿੱਲ ਰਾਹੀ ਐਸ ਸੀ//ਐਸ ਟੀ ਦੀਆਂ ਸੀਟਾਂ 'ਮਹਿਲਾ ਰਿਜ਼ਰਵੇਸ਼ਨ ਬਿੱਲ' ਰਾਹੀਂ ਹੜੱਪ ਕਰਨਾ ਚਾਹੁੰਦੀ ਹੈ। ਜਦ ਪੰਚਾਇਤਾਂ, ਨਗਰ ਪਾਲਕਾਵਾਂ ਤੇ ਨਿਗਮਾਂ ਵਿਚ ਪਹਿਲਾਂ ਹੀ ਸੰਵਿਧਾਨ ਅਨੁਸਾਰ ਐਸ ਸੀ//ਐਸ ਟੀ ਨੂੰ ਰਿਜ਼ਰਵੇਸ਼ਨ ਦਿੱਤੀ ਜਾ ਚੁੱਕੀ ਹੈ ਫਿਰ ਲੋਕ ਸਭਾ, ਰਾਜ ਸਭਾ ਤੇ ਅਸੰਬੀਆਂ ਵਿਚ ਕਿਉ ਨਹੀ? ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਮਹਿਲਾਂ ਰਿਜ਼ਰਵੇਸ਼ਨ ਬਿੱਲ ਵਿੱਚੋਂ ਸਾਢੇ 22 ਫੀਸਦੀ ਸ਼ਡੂਲਡ ਕਾਸਟ/ਟਰਾਈਬਜ, 52 ਫੀਸਦੀ ਬੈਕਵਰਡ ਅਤੇ 11 ਫੀਸਦੀ ਘੱਟ ਗਿਣਤੀਆਂ ਨੂੰ ਬਾਹਰ ਰੱਖ ਕੇ ਪਹਿਲਾਂ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿੱਚੋਂ ਅਤੇ ਫਿਰ 33 ਫੀਸਦੀ ਸੰਵਿਧਾਨਕ ਰਾਜਨੀਤਕ ਪੋਸਟਾਂ, ਨੌਕਰੀਆਂ ਵਿਚੋਂ 85 ਫੀਸਦੀ ਦਲਿਤਾਂ ਅਤੇ ਘੱਟ ਗਿਣਤੀਆਂ ਦੇ ਹੱਕ ਹੜੱਪ ਕੇ ਬਹੁਜਨ ਦਲਿਤ ਸ਼ੋਸ਼ਿਤ ਸਮਾਜ ਨੂੰ ਲਾਚਾਰ ਬਣਾਉਣਾ ਚਾਹੁੰਦੀ ਹੈ। ਦਲਿਤ ਆਗੂਆਂ ਧਮਕੀ ਦਿੱਤੀ ਹੈ ਕਿ ਜਿੰਨਾਂ ਚਿਰ ਔਰਤਾਂ ਲਈ 273 ਰਾਖਵੀਆਂ ਕੀਤੀਆਂ ਜਾ ਰਹੀਆਂ ਸੀਟਾਂ ਵਿਚੋ ਪਹਿਲਾਂ ਹੀ ਸੰਵਿਧਾਨ ਅਨੁਸਾਰ ਸੀਟਾਂ ਐਸ ਸੀ/ਐਸ ਟੀ ਔਰਤਾਂ ਲਈ ਰਾਖਵੀਆਂ ਨਹੀ ਹੋਣਗੀਆਂਤਦ ਤਕ 'ਮਹਿਲਾ ਰਿਜ਼ਰਵੇਸ਼ਨ ਬਿੱਲ' ਕਿਸੇ ਵੀ ਹਾਲਤ ਵਿਚ ਪਾਸ ਨਹੀ ਹੋਣ ਦੇਵਾਂਗੇ। ਇਹ ਹੀ ਮੁੱਖ ਕਾਰਨ ਹੈ ਕਿ 'ਮਹਿਲਾ ਰਿਜ਼ਰਵੇਸ਼ਨ ਬਿੱਲ' ਬਾਰ ਬਾਰ ਲਟਕ ਰਿਹਾ ਹੈ।



**ਐਸ ਐਲ ਵਿਰਦੀ ਐਡਵੋਕੇਟ**
**ਸਿਵਲ ਕੋਰਟਸ ਫਗਵਾੜਾ, ਪੰਜਾਬ**
**ਨ : 98145 17499**

# ਦੁਸਾਂਝ ਕਲਾਂ 'ਚ ਅੱਜ ਮਨਾਇਆ ਜਾਵੇਗਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਹਾੜਾ



**ਫਿਲੌਰ/ਅੱਪਰਾ, 24 ਅਪ੍ਰੈਲ (ਦੀਪਾ)**–ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਅਤੇ ਨਾਰੀ ਜਾਤੀ ਦੇ ਮੁਕਤੀਦਾਤਾ, ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦਾ 135ਵਾਂ ਜਨਮ ਦਿਨ ਡਾ. ਬੀ. ਆਰ. ਅੰਬੇਡਕਰ ਸ਼ੋਸ਼ਲ ਵੈਲਫ਼ੇਅਰ ਸੁਸਾਇਟੀ (ਰਜਿ) ਪਿੰਡ ਦੁਸਾਂਝ ਕਲਾਂ ਵਲੋਂ ਸਥਾਨ ਦੁਸਾਂਝ ਇੰਟਰਲਾਕ ਫੈਕਟਰੀ ਬਾਹਰਲੀ ਆਬਾਦੀ ਪਿੰਡ ਦੁਸਾਂਝ ਕਲਾਂ ਵਿਖੇ 25 ਅਪ੍ਰੈਲ ਦਿਨ ਸਨੀਵਾਰ ਸ਼ਾਮ ਨੂੰ 7 ਤੋਂ ਦੇਰ ਰਾਤ ਤੱਕ ਮਨਾਇਆ ਜਾਵੇਗਾ। ਇਸ ਮੌਕੇ ਮਿਸ਼ਨਰੀ ਗਾਇਕ ਗੋਲਡੀ ਮਲਿਕ ਆਏ ਹੋਏ ਸਰੋਤਿਆਂ ਨੂੰ ਆਪਣੇ ਮਿਸ਼ਨਰੀ ਗੀਤਾਂ ਰਾਹੀ ਬਾਬਾ ਜੀ ਦੇ ਜੀਵਨ ਦੇ ਇਤਿਹਾਸ ਬਾਰੇ ਜਾਣੂੰ ਕਰਵਾਉਣਗੇ। ਇਸ ਸਮੇਂ ਪਿੰਡ ਦੇ ਬੱਚਿਆਂ ਵਲੋਂ ਵੀ ਕੋਰੀਉਗ੍ਰਾਫੀਆਂ ਵੀ ਪੇਸ਼ ਕੀਤੀਆਂ ਜਾਣਗੀਆਂ। ਸੁਸਾਇਟੀ ਵਲੋਂ ਪੜ੍ਹਾਈ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਮਿਸ਼ਨਰੀ ਬੁਲਾਰੇ ਬਾਬਾ ਸਾਹਿਬ ਜੀ ਦੇ ਜੀਵਨ ਅਤੇ ਸੰਘਰਸ਼ ਬਾਰੇ ਜਾਣਕਾਰੀ ਦੇਣਗੇ। ਇਸ ਮੌਕੇ ਚੇਅਰਮੈਨ ਡਾ. ਰਣਜੀਤ ਸਿੰਘ ਰਾਣਾ, ਪ੍ਰਧਾਨ ਹਰਮੇਸ਼ ਵਿਰਦੀ, ਖਜਾਨਚੀ ਸਰਪੰਚ ਨਿਰਮਲ ਕੁਮਾਰ ਨਵੀਂ ਅਤੇ ਗਗਨਦੀਪ ਭੁੱਟਾ, ਸੀਨੀਅਰ ਮੈਂਬਰ ਧਰਮਪਾਲ ਇਟਲੀ, ਸੀਨੀਅਰ ਮੈਂਬਰ ਬਲਵੀਰ ਚੰਦੜ੍ਹ, ਰਾਮ ਨਾਥ ਸਾਬਕਾ ਪੰਚ, ਸਕੱਤਰ ਸੁਰਿੰਦਰ ਪਾਲ ਕੁੱਕੂ, ਮੈਂਬਰ ਮਨੋਹਰ ਲਾਲ, ਡਾ. ਓਮ ਪ੍ਰਕਾਸ਼ , ਪਰਵੀਨ ਭੁੱਟਾ, ਰਿੰਪੀ ਦੁਸਾਂਝ, ਕੁਲਵਿੰਦਰ ਕਿੰਦਾ, ਸੰਦੀਪ ਕੁਮਾਰ, ਬਲਵੀਰ ਰਾਮ, ਮਲਕੀਤ ਚੰਦ, ਰੇਸ਼ਮ ਲਾਲ, ਵਿਨੋਦ ਵਿਰਦੀ, ਸ਼ਾਦੀ ਰਾਮ, ਜਸਵੰਤ ਰਾਏ ਤੋਂ ਇਲਾਵਾਂ ਭਾਰੀ ਗਿਣਤੀ ਵਿੱਚ ਜੁਝਾਰੂ ਸਾਥੀ ਆਦਿ ਹਾਜ਼ਰ ਸਨ।


# ਅੱਪਰਾ ਵਿਖੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਦਿਹਾੜਾ ਅੱਜ ਮਨਾਇਆ ਜਾਵੇਗਾ

**ਫਿਲੌਰ/ਅੱਪਰਾ, 24 ਅਪ੍ਰੈਲ (ਦੀਪਾ)**-ਗ੍ਰਾਮ ਪੰਚਾਇਤ ਅੱਪਰਾ, ਨਗਰ ਨਿਵਾਸੀਆਂ ਤੇ ਸਮੂਹ ਐੱਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਪੁਰਾਣਾ ਬੱਸ ਅੱਡਾ ਮੰਡੀ ਰੋਡ ਅੱਪਰਾ ਵਿਖੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦਾ 135ਵਾਂ ਜਨਮ ਦਿਹਾੜਾ ਅੱਜ 25 ਅਪ੍ਰੈਲ ਦਿਨ ਸ਼ਨੀਵਾਰ ਨੂੰ ਸ਼ਾਮ 3 ਵਜੇ ਤੋਂ ਲੈ ਕੇ 6 ਵਜੇ ਤੱਕ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਰਪੰਚ ਵਿਨੈ ਕੁਮਾਰ ਅੱਪਰਾ ਨੇ ਦੱਸਿਆ ਕਿ ਇਸ ਮੌਕੇ ਵੱਖ ਵੱਖ ਬੁਲ-ਾਰੇ ਬਾਬਾ ਸਾਹਿਬ ਜੀ ਦੇ ਜੀਵਨ, ਸੋਚ ਤੇ ਫਲਸਫੇ ਨੂੰ ਜਾਣਕਾਰੀ ਦੇਣਗੇ। ਇਸ ਮੌਕੇ ਏਕਤਾ ਕਲਾ ਮੰਚ ਲਸਾੜਾ ਵਲੋਂ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ।



# ਕਾਰਲ ਮਾਰਕਸ ਜਨਮ ਦਿਹਾੜਾ ਸਮਾਗਮ 5 ਮਈ ਨੂੰ 'ਅਜੋਕੇ ਸਮੇਂ 'ਚ ਮਾਰਕਸਵਾਦ ਦੀ ਪ੍ਰਸੰਗਕਤਾ' ਵਿਸ਼ੇ 'ਤੇ ਬੂਟਾ ਸਿੰਘ ਮਹਿਮੂਦਪੁਰ ਹੋਣਗੇ ਮੁੱਖ ਵਕਤਾ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਦੁਨੀਆਂ ਦੇ ਸਰਵੋ-ਤਮ ਸਿਧਾਂਤਕਾਰ, ਅਰਥ ਸ਼ਾਸਤਰੀ, ਸਮਾਜ ਸ਼ਾਸਤਰੀ, ਇਨਕਲਾਬੀ ਸਮਾਜਵਾਦੀ ਜ਼ਹੀਨ ਬੁੱਧੀਮਾਨ ਕਾਰਲ ਮਾਰਕਸ ਦੇ ਜਨਮ ਦਿਹਾੜੇ (5 ਮਈ 1818) ਨੂੰ ਸਮਰਪਤ ਸਮਾਗਮ 5 ਮਈ 11 ਵਜੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਕੀਤਾ ਜਾਏਗਾ। ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਭਾਈ ਸੰਤੋਖ ਸਿੰਘ 'ਕਿਰਤੀ' ਭਾਸ਼ਣ ਲੜੀ ਤਹਿਤ ਇਸ ਰੋਜ਼ ਹਰ ਸਾਲ ਕੀਤੇ ਜਾਂਦੇ ਸਮਾਗਮ ਦੀ ਇਸ ਵਾਰ ਰੂਪ ਰੇਖਾ ਉਲੀਕਦੇ ਹੋਏ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਇਸ ਵਾਰ 5 ਮਈ ਸਵੇਰੇ 11 ਵਜੇ ਹੋ ਰਹੇ ਸਮਾਗਮ 'ਚ ਪੰਜਾਬ ਦੇ ਜਾਣੇ-ਪਹਿਚਾਣੇ ਜਮਹੂਰੀ ਹੱਕਾਂ ਦੀ ਲਹਿਰ ਦੇ ਝੰਡਾ ਬਰਦਰਾਰ, ਲੇਖਕ ਅਤੇ ਅਨੁਵਾਦਕ ਬੂਟਾ ਸਿੰਘ ਮਹਿਮੂਦਪੁਰ, 'ਅਜੋਕੇ ਸਮੇਂ 'ਚ ਮਾਰਕਸਵਾਦ ਦੀ ਪ੍ਰਸੰਗਕਤਾ' ਵਿਸ਼ੇ ਉਪਰ ਵਿਚਾਰ ਰੱਖਣਗੇ। ਉਸ ਉਪਰੰਤ ਹਾਜ਼ਰੀਨ ਵੀ ਇਸ ਵਿਚਾਰ-ਚਰਚਾ ਵਿੱਚ ਆਪਣੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨਗੇ।









# ਬਬਰੀਕ ਨਗਰ ਨਕੋਦਰ ਵਿਖੇ ਬਾਬਾ ਸਾਹਿਬ ਜੀ ਦਾ ਜਨਮ ਦਿਨ ਬਹੁਤ ਹੀ ਪਿਆਰ ਅਤੇ ਉਤਸ਼ਾਹ ਨਾਲ ਮਨਾਇਆ ਗਿਆ :- ਰਾਜ ਕੁਮਾਰ ਬੋਧ












ਬਾਬਾ ਸਾਹਿਬ ਜੀ, ਜਿਹਨਾਂ ਨੂੰ ਪੂਰੇ ਵਿਸ਼ਵ ਦਾ ਸਭ ਤੋਂ ਵੱਡਾ ਵਿਦਵਾਨ ਮੰਨਿਆ ਗਿਆ ਹੈ, ਸਿੰਬਲ ਆਫ ਨੋਲਜ ਰਾਂਹੀ ਜਾਣਿਆ ਜਾਂਦਾ ਹੈ।

ਬਾਬਾ ਸਾਹਿਬ ਜੀ ਦਾ 135ਵਾ ਜਨਮ ਦਿਵਸ਼ ਪੂਰੇ ਭਾਰਤ ਦੇ ਹਰ ਇੱਕ ਪਿੰਡ ਵਿੱਚ ਮਨਾਇਆ ਗਿਆ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਮਨਾਇਆ ਜਾਵੇਗਾ।

ਮਿਤੀ 23-04-2026 ਨੂੰ ਵੀ ਬਹੁਤ ਸਥਾਨਾਂ ਤੇ ਬਾਬਾ ਸਾਹਿਬ ਜੀ ਦਾ ਜਨਮ ਦਿਨ ਮਨਾਇਆ ਗਿਆ ਜਿਸ ਵਿੱਚ ਨਕੋਦਰ ਵਿੱਚ ਸਥਿਤ ਬਬਰੀਕ ਨਗਰ ਵੀ ਸਾਮਲ ਹੈ।

ਇਹ ਪ੍ਰੋਗਰਾਮ ਨਗਰ ਦੀ ਇੱਕ ਧਰਮਸ਼ਾਲਾ ਵਿੱਚ ਮਨਾਇਆ ਗਿਆ ਜਿਸ ਵਿੱਚ ਭਗਵਾਨ ਵਾਲਮਿਕੀ ਜੀ ਨੂੰ ਪਿਆਰ ਕਰਨ ਵਾਲੇ ਸਮਾਜ ਨੇ ਬਹੁਤ ਹੀ ਉਤਸ਼ਾਹ ਨਾਲ ਬਾਬਾ ਸਾਹਿਬ ਜੀ ਦਾ ਜਨਮ ਦਿਵਸ਼ ਮਨਾਇਆ।

ਬਬਰੀਕ ਨਗਰ ਦੇ ਸੂਝਵਾਨ ਅਤੇ ਮਿਹਨਤੀ ਸਮਾਜ ਵਲੋਂ ਉਸ ਧਰਮਸ਼ਾਲਾ ਵਿੱਚ ਬੱਚਿਆ ਨੂੰ ਸਕੂਲੀ ਗਿਆਨ ਦਿੱਤਾ ਜਾਂਦਾ ਹੈ ਜਿਸ ਵਿੱਚ ਮਹਿਲਾਂ ਅਧਿਆਪਕ ਬੱਚਿਆ ਨੂੰ ਪੜਾਈ ਕਰਵਾਉਂਦੇ ਹਨ॥

ਬਾਬਾ ਸਾਹਿਬ ਜੀ ਦੇ ਜਨਮ ਦਿਨ ਦਾ ਬੱਚਿਆ ਵਿੱਚ ਬਹੁਤ ਹੀ ਉਤਸ਼ਾਹ ਸੀ ਅਤੇ ਨਿੱਕੇ ਨਿੱਕੇ ਬੱਚੇ , ਜੋ ਇੰਨੇ ਕੋ ਛੋਟੇ ਸੀ ਕਿ ਸਾਇਦ ਦੁੱਧ ਵੀ ਬੋਤਲ ਨਾਲ ਪੀਂਦੇ ਹੋਣ ਪਰ ਉਹ ਮਾਇਕ ਲੈ ਕੇ ਬਾਬਾ ਸਾਹਿਬ ਜੀ ਦੇ ਵਿਚਾਰ ਸਾਂਝੇ ਕਰ ਰਹੇਂ ਸਨ॥ ਕਾਫੀ ਬੱਚਿਆ ਨੇ ਬਾਬਾ ਸਾਹਿਬ ਜੀ ਦੇ ਮਿਸ਼ਨ ਦੀ ਜਾਣਕਾਰੀ ਮਾਇਕ ਵਿੱਚ ਇੱਕ ਦੂਸਰੇ ਨਾਲ ਸਾਂਝੀ ਕੀਤੀ॥ ਇਹ ਦੇਖ ਕੇ ਮੇਰਾ ਮਨ ਬਹੁਤ ਹੀ ਪ੍ਰਸੰਨ ਹੋਇਆ ਕਿ ਜੇਕਰ ਸਾਡੇ ਸਮਾਜ ਦੇ ਬੱਚੇ ਇਸ ਉਮਰ ਵਿੱਚ ਮਾਇਕ ਵਿੱਚ ਅੱਗੇ ਖੜ੍ਹ ਕੇ ਬੋਲਣ ਲੱਗ ਪਏ ਤਾਂ ਉਹ ਦਿਨ ਦੂ ਨਹੀਂ , ਜਦੋਂ ਸਾਡੇ ਸਮਾਜ ਨੇ ਬਾਬਾ ਸਾਹਿਬ ਜੀ ਦਾ ਅਧੂਰਾ ਮਿਸ਼ਨ ਪੂਰਾ ਕਰ ਲੈਣਾ ਹੈ।

ਬਾਬਾ ਸਾਹਿਬ ਕਹਿੰਦੇ ਸੀ ਕਿ ਮੈਂ ਉਸ ਸਮਾਜ ਨੂੰ ਗਰੀਬ ਸਮਾਜ ਨਹੀਂ ਸਮਝਦਾ ਜਿਸ ਕੋਲ ਘਰ-ਬਾਰ ਜਾਂ ਪੈਸਾ ਨਹੀਂ ਹੈ ਬਲਕਿ ਮੈਂ ਉਸ ਸਮਾਜ ਨੂੰ ਜਿਆਦਾ ਗਰੀਬ ਸਮਝਦਾ ਹਾਂ ਜਿਸ ਕੋਲ ਗਿਆਨ ਨਹੀਂ ਹੈ॥ ਗਿਆਨ ਸਭ ਤੋਂ ਵੱਡੀ ਦੋਲਤ ਹੈ।

ਬਾਬਾ ਸਾਹਿਬ ਜੀ ਨੇ ਤਥਾਗਤ ਗੋਤਮ ਬੁੱਧ ਜੀ ਨੂੰ ਆਪਣਾ ਗੁਰੂ ਸਵਿਕਾਰ ਕੀਤਾ ਅਤੇ ਉਹਨਾਂ ਦੇ ਦਿਖਾਏ ਮਾਰਗ ਤੇ ਚੱਲਣ ਲਈ ਸੰਕਲਪ ਲਿਆ ਸੀ॥

ਜਿਸ ਵਿੱਚ ਗਿਆਨ ਹੀ ਉਹਨਾਂ ਦੀ ਪਹਿਲੀ ਸਰਣ ਸੀ ਅਤੇ ਚੰਗਾ ਆਚਰਣ ਪ੍ਰਾਪਤ ਕਰਨਾ ਉਹਨਾਂ ਦਾ ਗਹਿਣਾ ਸੀ। ਇਸੇ ਤਰ੍ਹਾਂ ਚੰਗੇ ਗੁਣਾਂ ਵਾਲੇ ਲੋਕਾਂ ਨੂੰ ਤਿਆਰ ਕਰਨ ਵਾਲਾ ਸਮਾਜ ਬਣਾਉਣਾ ਉਹਨਾਂ ਦਾ ਸੁਪਨਾ ਸੀ , ਜੋ ਕਿ ਹੋਲੀ ਹੋਲੀ ਪੂਰਾ ਹੋ ਰਿਹਾ ਹੈ॥

ਮੈਨੂੰ ਵੀ ਬੱਚਿਆ ਨਾਲ ਆਪਣੇ ਮਨ ਦੇ ਦੋ ਸਬਦ ਸਾਂਝੇ ਕਰਨ ਲਈ ਕਮੇਟੀ ਵਲੋਂ ਟਾਇਮ ਦਿੱਤਾ ਗਿਆ॥ ਮੈਂ ਬੱਚਿਆ ਨੂੰ ਸਮਝਾਇਆ ਕਿ ਤੁਹਾਡੇ ਅੰਦਰ ਬਾਬਾ ਸਾਹਿਬ ਜੀ ਦਾ ਖੂਨ ਹੈ, ਬਸ ਤੁਸੀ ਉਸ ਦੀ ਪਹਿਚਾਣ ਕਰ ਲਓ.. ਆਪਣੇ ਜੀਵਨ ਵਿੱਚ ਬੁਰਾਈ ਨੂੰ ਤਿਆਗ ਕਰ ਕੇ ਚੰਗਾਈ ਵਾਲੇ ਗੁਣ ਅਪਨਾਉਣ ਯੋਗ ਹੋ ਜਾਣਾ॥ ਕਦੇ ਕਿਸੇ ਜੀਵ ਨੂੰ ਦੁਖੀ ਨਾ ਕਰਨਾ , ਚੋਰੀ ਨਾ ਕਰਨਾ, ਝੂਠ ਨਾ ਬੋਲਣਾ ਅਤੇ ਹਮੇਸ਼ਾ ਸੱਚਾਈ ਵਾਲੇ ਰਾਸਤੇ ਤੇ ਚੱਲਣਾ॥ ਨਸ਼ੇ ਤੋ ਹਮੇਸ਼ਾ ਦੂਰ ਰਹਿਣਾ ਅਤੇ ਸਮਾਜ ਨੂੰ ਸਹੀਂ ਸੇਧ ਦੇਣ ਵਾਲੇ ਚੰਗੇ ਇਨਸਾਨ ਬਣ ਕੇ ਆਪਣਾ ਅਤੇ ਆਪਣੇ ਮਾਤਾ-ਪਿਤਾ ਅਤੇ ਟੀਚਰਾਂ ਨੂੰ ਸਨਮਾਨ ਦੇਣਾ। ਭਾਰਤ ਦੇਸ਼ ਦੀ ਜੈ ਕਰਵਾਉਣ ਲਈ ਬਾਬਾ ਸਾਹਿਬ ਜੀ ਨੂੰ ਪੜ੍ਹਨਾ ਅਤੇ ਉਹਨਾਂ ਦੇ ਗੁਣਾਂ ਨੂੰ ਆਪਣੇ ਅੰਦਰ ਦੇਖਣਾ। ਉਹਨਾਂ ਵਾਂਗ ਮਿਹਨਤ ਕਰਨਾ ਜੋ ਕਿ ਸਿਰਫ ਗਿਆਨ ਨੂੰ ਵਧਾਉਣ ਲਈ ਹੀ ਸੀ॥ ਬਾਬਾ ਸਾਹਿਬ ਜੀ ਗਿਆਨ ਦੇ ਸਿੰਬਲ ਵਜੋਂ ਪੂਰੇ ਵਿਸ਼ਵ ਵਿੱਚ ਜਾਣੇ ਜਾਂਦੇ ਹਨ॥ ਬੇਟੀ ਰੇਨੂਕਾ ਜੋ ਕਿ ਬਾਰਵੀਂ ਜਮਾਤ ਦੇ ਪੇਪਰ ਦੇ ਕੇ ਹਟੀ ਹੈ, ਨੇ ਵੀ ਸਮਾਜ ਨੂੰ ਬਾਬਾ ਸਾਹਿਬ ਜੀ ਦੇ ਮਿਸ਼ਨ ਦੀ ਜਾਣਕਾਰੀ ਬਹੁਤ ਹੀ ਉਤਸ਼ਾਹ ਨਾਲ ਦਿੱਤੀ , ਉਸ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਾਲ ਸਮਾਜ ਨੂੰ ਸਮਰਪਿਤ ਕਰ ਦਿੱਤਾ ਹੈ॥ ਇਸ ਪ੍ਰਕਾਰ ਉਬ ਹਰ ਪ੍ਰੋਗਰਾਮ ਵਿੱਚ ਜਾ ਕੇ ਸਮਾਜ ਨੂੰ ਜਾਗ੍ਰਿਤ ਕਰਨ ਵਾਲੀ ਸਭ ਤੋਂ ਛੋਟੀ ਉਮਰ ਵਾਲੀ ਸਮਾਜ ਦੀ ਬੇਟੀ ਬਣ ਗਈ ਹੈ। ਉਸ ਦੀ ਪੂਰੀ ਟੀਮ ਉਸ ਦੀ ਸਹਾਇਤਾ ਕਰ ਰਹੀ ਹੈ॥ ਇਹ ਟੀਮ ਬਹੁਤ ਮਿਹਨਤ ਨਾਲ ਮਿਸ਼ਨ ਦਾ ਕੰਮ ਕਰ ਰਹੀ ਹੈ। ਮੈਨੂੰ ਵੀ ਇਸ ਟੀਮ ਨਾਲ ਪ੍ਰੋਗਰਾਮਾਂ ਤੇ ਜਾ ਕੇ ਆਪਣੇ ਵਿਚਾਰ ਸਮਾਜ ਵਿੱਚ ਰੱਖਣ ਦਾ ਮੋਕਾ ਮਿਲਦਾ ਹੈ ਜਿਸ ਵਿੱਚ ਮੈਂ ਜਿਆਦਾ ਤਰ ਤਥਾਗਤ ਗੋਤਮ ਬੁੱਧ ਜੀ ਦੇ ਮਾਨਵਤਾ ਵਾਦੀ ਗਿਆਨ ਨੂੰ ਸਮਾਜ ਵਿੱਚ ਲੈ ਕੇ ਜਾਣ ਦੀ ਕੋਸਿਸ਼ ਕਰਦਾ ਹਾਂ।

ਬੱਚਿਆ ਦੇ ਅਧਿਆਪਕਾਂ ਸਹਿਤ ਬਬਰੀਕ ਨਗਰ ਦੇ ਅਤੇ ਆਲੇ ਦੁਆਲੇ ਤੋਂ ਕਾਫੀ ਸਮਾਜ ਦੇ ਲੋਕਾਂ ਨੇ ਬਾਬਾ ਸਾਹਿਬ ਜੀ ਦੇ ਜਨਮ ਦਿਨ ਦੀ ਖੁਸ਼ੀ ਮਨਾਈ ਅਤੇ ਮਿਸ਼ਨ ਤੇ ਚੱਲਣ ਲਈ ਸੰਕਲਪ ਲਿਆ॥ ਆਖੀਰ ਤੇ ਸਭ ਬੱਚਿਆ ਨੂੰ ਜੋ ਪਹਿਲੇ ਦੂਜੇ ਅਤੇ ਤੀਸਰੇ ਦਰਜੇ ਤੇ ਆਏ ਉਹਨਾਂ ਨੂੰ ਕਾਪੀ , ਕਿਤਾਬ, ਪੈਨ ਪੈਨਸ਼ਿਲਾ ਦੇ ਕੇ ਉਹਨਾਂ ਦਾ ਹੋਸ਼ਲਾ ਵਧਾਇਆ ਅਤੇ ਜੋ ਬੁਲਾਰੇ ਬੋਲਣ ਆਏ , ਉਹਨਾਂ ਨੂੰ ਯਾਦਗਾਰ ਟਰਾਫੀ ਅਤੇ ਗਲ ਵਿੱਚ ਨੀਲੇ ਰੰਗ ਦਾ ਸਰੋਪਾ ਪਾ ਕੇ ਸਨਮਾਨ ਕੀਤਾ ਅਤੇ ਸਭ ਨੇ ਰਲ ਮਿਲ ਸਮੋਸਿਆ ਦਾ ਅਨੰਦ ਮਾਣਿਆ। ਆਖੀਰ ਦੇ ਪ੍ਰੋਗਰਾਮ ਸੰਚਾਲਕ ਦੇਸ਼ ਰਾਜ ਬੰਗੜ ਜੀ ਨੇ ਸਭ ਦਾ ਧੰਨਵਾਦ ਕੀਤਾ ਅਤੇ ਸਾਥ ਹੀ ਆਪਣੇ ਵਿਚਾਰਾਂ ਨਾਲ ਬੱਚਿਆ ਨੂੰ ਜਾਗਰਿਤੀ ਦਿਤੀ॥ ਬਾਬਾ ਸਾਹਿਬ ਜੀ ਦੇ 135ਵੇ ਜਨਮ ਦਿਵਸ ਤੇ ਸਭ ਨੂੰ ਵਧਾਈ , ਮੁਬਾਰਕਾਂ ਅਤੇ ਮਿਸ਼ਨ ਵਿੱਚ ਡੱਟ ਕੇ ਮਿਹਨਤ ਕਰਨ ਦੀ ਅਪੀਲ ਦੇ ਨਾਲ ਪ੍ਰੋਗਰਾਮ ਖਤਮ ਕੀਤਾ ਗਿਆ।

**ਧੰਮ ਪ੍ਰਚਾਰਕ :- ਰਾਜ ਕੁਮਾਰ ਬੋਧ**
**ਪ੍ਰਧਾਨ ਵਿਸ਼ਵ ਬੋਧ ਸੰਘ ਪੰਜਾਬ(ਰਜਿ.)**

# ਪ੍ਰਸ਼ਾਸ਼ਨਿਕ ਭ੍ਰਿਸ਼ਟਾਚਾਰ : ਜੰਗਾਲੇ ਹੋਏ ਢਾਂਚੇ ਦੀ ਦਾਸਤਾਨ

ਭਾਰਤ ਵਰਗੇ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਵਿੱਚ, ਉੱਚ ਪ੍ਰਸ਼ਾਸਨਿਕ ਅਹੁਦਿਆਂ (ਆਈਪੀਐਸ, ਆਈਏਐੱਸ, ਆਈਆਰ ਐੱਸ) ਨੂੰ 'ਸਟੀਲ ਫਰੇਮ' ਕਿਹਾ ਜਾਂਦਾ ਹੈ। ਮਤਲਬ ਦੇਸ਼ ਦੇ ਢਾਂਚੇ ਦੀ ਰੀੜ੍ਹ ਦੀ ਹੱਡੀ। ਇਹ ਮੰਨਿਆ ਜਾਂਦਾ ਹੈ ਕਿ ਇਨ੍ਹਾਂ ਅਹੁਦਿਆਂ 'ਤੇ ਬੈਠੇ ਲੋਕ ਦੇਸ਼ ਦੇ ਸਭ ਤੋਂ ਤੇਜ਼ ਦਿਮਾਗ ਅਤੇ ਉੱਚੇ ਕਿਰਦਾਰ ਵਾਲੇ ਹੋਣਗੇ। ਪਰ ਜਦੋਂ ਇਹੀ 'ਸੂਝਵਾਨ' ਲੋਕ ਕਰੋੜਾਂ ਦੇ ਘੁਟਾਲਿਆਂ ਵਿੱਚ ਫਸਦੇ ਹਨ, ਤਾਂ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਸਿਰਫ਼ "ਬਹੁਤੀ ਪੜ੍ਹਾਈ" ਹੀ ਇਨਸਾਨ ਨੂੰ "ਸੱਭਿਅਕ" ਬਣਾਉਣ ਲਈ ਕਾਫ਼ੀ ਹੈ?

ਇਹ ਇੱਕ ਬਹੁਤ ਹੀ ਗੰਭੀਰ ਅਤੇ ਚਿੰਤਾ ਦਾ ਵਿਸ਼ਾ ਹੈ। ਇਹ ਇੱਕ ਕੌੜੀ ਸੱਚਾਈ ਹੈ ਕਿ ਦੇਸ਼ ਦੀਆਂ ਸਭ ਤੋਂ ਕਠਿਨ ਪ੍ਰੀਖਿਆਵਾਂ (ਜਿਵੇਂ ਯੂ ਪੀ ਐੱਸ ਸੀ) ਪਾਸ ਕਰਨ ਵਾਲੇ ਅਤੇ ਉੱਚ ਬੌਧਿਕ ਪੱਧਰ ਰੱਖਣ ਵਾਲੇ ਅਧਿਕਾਰੀ ਜਦੋਂ ਭ੍ਰਿਸ਼ਟਾਚਾਰ ਦੇ ਜਾਲ ਵਿੱਚ ਫਸਦੇ ਹਨ, ਤਾਂ ਇਹ ਸਿਰਫ਼ ਇੱਕ ਵਿਅਕਤੀ ਦੀ ਹਾਰ ਨਹੀਂ, ਸਗੋਂ ਪੂਰੇ ਸਿਸਟਮ ਦੀ ਹਾਰ ਹੁੰਦੀ ਹੈ। ਭਾਰਤੀ ਪ੍ਰਸ਼ਾਸਨਿਕ ਢਾਂਚੇ ਵਿੱਚ ਇਹ ਇੱਕ ਵੱਡਾ ਵਿਰੋਧਾਭਾਸ ਹੈ ਕਿ ਜੋ ਲੋਕ ਦੇਸ਼ ਦੀ ਤਕਦੀਰ ਬਦਲਣ ਦੀ ਸਹੁੰ ਚੁੱਕ ਕੇ ਉੱਚੇ ਅਹੁਦਿਆਂ 'ਤੇ ਬਿਰਾਜਮਾਨ ਹੁੰਦੇ ਹਨ, ਉਨ੍ਹਾਂ ਵਿੱਚੋਂ ਕਈ ਬਾਅਦ ਵਿੱਚ ਰਿਸ਼ਵਤਖੋਰੀ ਅਤੇ ਘੁਟਾਲਿਆਂ ਦੇ ਦੋਸ਼ਾਂ ਹੇਠ ਜੇਲ੍ਹ ਦੀਆਂ ਸਲਾਖਾਂ ਪਿੱਛੇ ਪਹੁੰਚ ਜਾਂਦੇ ਹਨ। ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ ਇੰਨੀ ਉੱਚੀ ਸਿੱਖਿਆ ਅਤੇ ਸੂਝ-ਬੂਝ ਦੇ ਬਾਵਜੂਦ ਅਜਿਹਾ ਪਤਨ ਕਿਉਂ ਹੁੰਦਾ ਹੈ?

ਸਾਡੀ ਮੌਜੂਦਾ ਸਿੱਖਿਆ ਪ੍ਰਣਾਲੀ 'ਸੂਚਨਾ' ਦੇਣ 'ਤੇ ਤਾਂ ਜ਼ੋਰ ਦਿੰਦੀ ਹੈ, ਪਰ 'ਚਰਿੱਤਰ ਨਿਰਮਾਣ' 'ਤੇ ਨਹੀਂ। ਇੱਕ ਵਿਦਿਆਰਥੀ ਰਾਤ-ਦਿਨ ਪੜ੍ਹ ਕੇ ਇਹ ਤਾਂ ਸਿੱਖ ਜਾਂਦਾ ਹੈ ਕਿ ਅਰਥ ਸ਼ਾਸਤਰ ਜਾਂ ਕਾਨੂੰਨ ਕੀ ਹੈ, ਪਰ ਉਹ ਇਹ ਨਹੀਂ ਸਿੱਖ ਪਾਉਂਦਾ ਕਿ ਸ਼ਕਤੀ ਅਤੇ ਲਾਲਚ ਦੇ ਵਿਚਕਾਰ ਸੰਤੁਲਨ ਕਿਵੇਂ ਬਣਾਉਣਾ ਹੈ। ਵਿਦਿਆਰਥੀ ਵਿਗਿਆਨ, ਗਣਿਤ ਅਤੇ ਇਤਿਹਾਸ ਦੇ ਤੱਥਾਂ ਨੂੰ ਰੱਟਾ ਤਾਂ ਮਾਰ ਲੈਂਦੇ ਹਨ, ਪਰ 'ਨੈਤਿਕਤਾ' ਨੂੰ ਇੱਕ ਬੋਰਿੰਗ ਵਿਸ਼ਾ ਸਮਝ ਕੇ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ। ਨੈਤਿਕ ਸਿੱਖਿਆ ਦਾ ਮਤਲਬ ਸਿਰਫ਼ ਪ੍ਰਾਰਥਨਾ ਸਭਾ ਵਿੱਚ ਇੱਕ ਵਿਚਾਰ ਪੜ੍ਹਨਾ ਨਹੀਂ ਹੈ, ਸਗੋਂ ਵਿਦਿਆਰਥੀ ਦੇ ਅੰਦਰ ਇਹ ਸਮਝ ਪੈਦਾ ਕਰਨਾ ਹੈ ਕਿ ਸਹੀ ਅਤੇ ਗਲਤ ਵਿੱਚ ਕੀ ਫਰਕ ਹੈ। ਜਦੋਂ ਸਿੱਖਿਆ ਦਾ ਮਕਸਦ ਸਿਰਫ਼ 'ਕੈਰੀਅਰ' ਬਣਾਉਣਾ ਰਹਿ ਜਾਵੇ। ਜਦੋਂ ਕਿਸੇ ਇਮਾਰਤ ਦੀ ਨੀਂਹ ਹੀ ਕਮਜ਼ੋਰ ਹੋਵੇ, ਤਾਂ ਉਸ 'ਤੇ ਖੜ੍ਹੀ ਉੱਚੀ ਇਮਾਰਤ ਕਦੇ ਵੀ ਸੁਰੱਖਿਅਤ ਨਹੀਂ ਰਹਿ ਸਕਦੀ।

ਸਾਡਾ ਸਿੱਖਿਆ ਢਾਂਚਾ ਅੱਜ ਸਿਰਫ਼ ਇੱਕ "ਨੌਕਰੀ ਪੈਦਾ ਕਰਨ ਵਾਲੀ ਮਸ਼ੀਨ" ਬਣ ਕੇ ਰਹਿ ਗਿਆ ਹੈ, ਜਿਸ ਵਿੱਚੋਂ ਇਨਸਾਨੀਅਤ ਅਤੇ ਨੈਤਿਕਤਾ ਗਾਇਬ ਹੁੰਦੀ ਜਾ ਰਹੀ ਹੈ।

ਸਾਡੇ ਸਕੂਲਾਂ ਅਤੇ ਕਾਲਜਾਂ ਵਿੱਚ ਬੱਚੇ ਨੂੰ ਪਹਿਲੇ ਦਿਨ ਤੋਂ ਹੀ ਇਹ ਸਿਖਾਇਆ ਜਾਂਦਾ ਹੈ ਕਿ ਉਸ ਨੇ 90% ਜਾਂ 95% ਅੰਕ ਲੈਣੇ ਹਨ। ਸਿੱਖਿਆ ਦਾ ਮਕਸਦ ਸਿਰਫ਼ 'ਮੁਕਾਬਲੇਬਾਜ਼ੀ' ਬਣ ਗਿਆ ਹੈ। ਇਸ ਦੌੜ ਵਿੱਚ ਬੱਚਾ ਇਹ ਤਾਂ ਸਿੱਖ ਜਾਂਦਾ ਹੈ ਕਿ ਦੂਜਿਆਂ ਤੋਂ ਅੱਗੇ ਕਿਵੇਂ ਨਿਕਲਣਾ ਹੈ, ਪਰ ਉਹ ਇਹ ਭੁੱਲ ਜਾਂਦਾ ਹੈ ਕਿ ਦੂਜਿਆਂ ਦੇ ਨਾਲ ਮਿਲ ਕੇ ਅਤੇ ਇਮਾਨਦਾਰੀ ਨਾਲ ਕਿਵੇਂ ਚੱਲਣਾ ਹੈ। ਜਦੋਂ ਸਿੱਖਿਆ ਦਾ ਇੱਕੋ-ਇੱਕ ਉਦੇਸ਼ 'ਉੱਚਾ ਅਹੁਦਾ' ਪ੍ਰਾਪਤ ਕਰਨਾ ਰਹਿ ਜਾਂਦਾ ਹੈ, ਤਾਂ ਵਿਦਿਆਰਥੀ ਉਸ ਅਹੁਦੇ ਨੂੰ ਸੇਵਾ ਦਾ ਸਾਧਨ ਨਹੀਂ, ਸਗੋਂ ਆਪਣੀ "ਨਿੱਜੀ ਕਮਾਈ" ਦਾ ਸਾਧਨ ਮੰਨਣ ਲੱਗ ਜਾਂਦਾ ਹੈ।

ਸਾਡੇ ਸਿੱਖਿਆ ਢਾਂਚੇ ਅਤੇ ਸਮਾਜ ਨੇ 'ਸਫਲਤਾ' ਦਾ ਮਤਲਬ ਸਿਰਫ਼ ਪੈਸਾ, ਵੱਡੀ ਗੱਡੀ ਅਤੇ ਉੱਚਾ ਰੁਤਬਾ ਬਣਾ ਦਿੱਤਾ ਹੈ। ਜਦੋਂ ਇੱਕ ਨੌਜਵਾਨ ਇਹ ਦੇਖਦਾ ਹੈ ਕਿ ਸਮਾਜ ਵਿੱਚ ਸਤਿਕਾਰ ਸਿਰਫ਼ ਉਸੇ ਦਾ ਹੈ ਜਿਸ ਕੋਲ ਦੌਲਤ ਹੈ (ਚਾਹੇ ਉਹ ਗਲਤ ਤਰੀਕੇ ਨਾਲ ਕਮਾਈ ਹੋਵੇ), ਤਾਂ ਉਸ ਦੇ ਅੰਦਰਲਾ ਨੈਤਿਕ ਵਿਅਕਤੀ ਮਰ ਜਾਂਦਾ ਹੈ। ਉਹ ਸੋਚਦਾ ਹੈ ਕਿ ਜੇਕਰ ਉੱਚ ਅਹੁਦੇ 'ਤੇ ਪਹੁੰਚ ਕੇ ਵੀ ਉਸ ਨੇ ਸਾਧਾਰਨ ਜੀਵਨ ਹੀ ਜਿਊਣਾ ਹੈ, ਤਾਂ ਉਸ ਦੀ ਇੰਨੀ ਪੜ੍ਹਾਈ ਦਾ ਕੀ ਫਾਇਦਾ? ਇਹ ਮਾਨਸਿਕਤਾ ਭ੍ਰਿਸ਼ਟਾਚਾਰ ਦੀ ਪਹਿਲੀ ਪੌੜੀ ਹੈ। ਭ੍ਰਿਸ਼ਟਾਚਾਰ ਦੀ ਸ਼ੁਰੂਆਤ ਸਕੂਲ ਪੱਧਰ 'ਤੇ ਪ੍ਰੀਖਿਆਵਾਂ ਵਿੱਚ ਨਕਲ ਮਾਰਨ ਤੋਂ ਹੁੰਦੀ ਹੈ। ਜਦੋਂ ਇੱਕ ਬੱਚਾ ਦੇਖਦਾ ਹੈ ਕਿ ਬਿਨਾਂ ਮਿਹਨਤ ਕੀਤੇ ਜਾਂ 'ਜੁਗਾੜ' ਨਾਲ ਨੰਬਰ ਲਏ ਜਾ ਸਕਦੇ ਹਨ, ਤਾਂ ਉਸ ਦੇ ਮਨ ਵਿੱਚ ਇਹ ਧਾਰਨਾ ਪੱਕੀ ਹੋ ਜਾਂਦੀ ਹੈ ਕਿ ਜ਼ਿੰਦਗੀ ਵਿੱਚ ਹਰ ਚੀਜ਼ 'ਸ਼ਾਰਟਕੱਟ' ਜਾਂ 'ਰਿਸ਼ਵਤ' ਨਾਲ ਹਾਸਲ ਕੀਤੀ ਜਾ ਸਕਦੀ ਹੈ। ਇਹੀ ਬੱਚਾ ਜਦੋਂ ਵੱਡਾ ਹੋ ਕੇ ਅਫਸਰ ਬਣਦਾ ਹੈ, ਤਾਂ ਉਹ ਸਿਸਟਮ ਵਿੱਚ ਵੀ 'ਜੁਗਾੜ' ਅਤੇ 'ਰਿਸ਼ਵਤ' ਦੀ ਭਾਲ ਕਰਦਾ ਹੈ। ਇਸ ਦਾ ਇੱਕ ਮਨੋਵਿਗਿਆਨਕ ਪਹਿਲੂ ਇਹ ਵੀ ਹੋ ਸਕਦਾ ਹੈ ਕਿ ਜਦੋਂ ਕੋਈ ਵਿਅਕਤੀ ਬਹੁਤ ਮੁਸ਼ਕਿਲ ਪ੍ਰੀਖਿਆ ਪਾਸ ਕਰਦਾ ਹੈ, ਤਾਂ ਉਸ ਵਿੱਚ ਇੱਕ 'ਸੁਪੀਰੀਅਰਿਟੀ ਕੰਪਲੈਕਸ' (ਆਪਣੇ ਆਪ ਨੂੰ ਦੂਜਿਆਂ ਤੋਂ ਉੱਪਰ ਸਮਝਣਾ) ਪੈਦਾ ਹੋ ਸਕਦਾ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਨੇ ਬਹੁਤ ਮਿਹਨਤ ਕੀਤੀ ਹੈ, ਇਸ ਲਈ ਉਹ ਇਸ "ਐਸ਼ੋ-ਆਰਾਮ" ਦੇ ਹੱਕਦਾਰ ਹਨ। ਕਈ ਵਾਰ ਉਹ ਆਪਣੀ ਬੁੱਧੀ ਦੀ ਵਰਤੋਂ ਸਿਸਟਮ ਨੂੰ ਸੁਧਾਰਨ ਦੀ ਬਜਾਏ, ਕਾਨੂੰਨ ਦੀਆਂ ਕਮੀਆਂ ਲੱਭ ਕੇ ਉਸ ਵਿੱਚੋਂ ਬਚ ਨਿਕਲਣ ਲਈ ਕਰਦੇ ਹਨ। ਮੌਜੂਦਾ ਟ੍ਰੇਨਿੰਗ ਅਕੈਡਮੀਆਂ ਵਿੱਚ "ਫਾਈਲ ਪ੍ਰਬੰਧਨ" ਅਤੇ "ਪ੍ਰੋਟੋਕੋਲ" ਤਾਂ ਸਿਖਾਇਆ ਜਾਂਦਾ ਹੈ, ਪਰ "ਅੰਤਰ-ਆਤਮਾ ਦੀ ਆਵਾਜ਼" ਸੁਣਨਾ ਨਹੀਂ ਸਿਖਾਇਆ ਜਾਂਦਾ। ਅਧਿਕਾਰੀ ਇੱਕ 'ਮਸ਼ੀਨ' ਵਾਂਗ ਕੰਮ ਕਰਦੇ ਹਨ ਜਿਸਦਾ ਮਕਸਦ ਸਿਰਫ਼ ਅੰਕੜਿਆਂ ਨੂੰ ਪੂਰਾ ਕਰਨਾ ਹੁੰਦਾ ਹੈ। ਮਨੁੱਖੀ ਸੰਵੇਦਨਸ਼ੀਲਤਾ ਦੀ ਕਮੀ ਉਨ੍ਹਾਂ ਨੂੰ ਆਮ ਲੋਕਾਂ ਦੇ ਦਰਦ ਤੋਂ ਦੂਰ ਕਰ ਦਿੰਦੀ ਹੈ। ਉੱਚ ਪ੍ਰਸ਼ਾਸਨਿਕ ਅਹੁਦਿਆਂ 'ਤੇ ਬੈਠਦਿਆਂ ਹੀ ਵਿਅਕਤੀ ਨੂੰ ਬੇਅੰਤ ਸ਼ਕਤੀਆਂ ਮਿਲ ਜਾਂਦੀਆਂ ਹਨ। (ਅੰਨ੍ਹੀ ਤਾਕਤ ਇਨਸਾਨ ਨੂੰ ਭ੍ਰਿਸ਼ਟ ਬਣਾ ਦਿੰਦੀ ਹੈ)। ਜਦੋਂ ਕਿਸੇ ਅਧਿਕਾਰੀ ਨੂੰ ਲੱਗਦਾ ਹੈ ਕਿ ਉਹ ਕਾਨੂੰਨ ਤੋਂ ਉੱਪਰ ਹੈ ਅਤੇ ਉਸ ਦੇ ਇੱਕ ਇਸ਼ਾਰੇ 'ਤੇ ਵੱਡੇ-ਵੱਡੇ ਕੰਮ ਹੁੰਦੇ ਹਨ, ਤਾਂ ਉਸ ਅੰਦਰ ਹੰਕਾਰ ਪੈਦਾ ਹੁੰਦਾ ਹੈ। ਇਹ ਹੰਕਾਰ ਹੀ ਉਸ ਨੂੰ ਗਲਤ ਰਸਤੇ 'ਤੇ ਜਾਣ ਲਈ ਉਕਸਾਉਂਦਾ ਹੈ।

ਅੱਜ ਦੇ ਭੌਤਿਕਵਾਦੀ ਯੁੱਗ ਵਿੱਚ ਸਮਾਜ ਇਨਸਾਨ ਦੀ ਇੱਜ਼ਤ ਉਸ ਦੇ ਗੁਣਾਂ ਤੋਂ ਨਹੀਂ, ਸਗੋਂ ਉਸ ਦੀ ਕੋਠੀ, ਗੱਡੀ ਅਤੇ ਬੈਂਕ ਬੈਲੇਂਸ ਤੋਂ ਕਰਦਾ ਹੈ। ਜਦੋਂ ਇੱਕ ਪੜ੍ਹਿਆ-ਲਿਖਿਆ ਅਧਿਕਾਰੀ ਆਪਣੇ ਆਲੇ-ਦੁਆਲੇ ਦੇ ਲੋਕਾਂ ਜਾਂ ਘੱਟ ਪੜ੍ਹੇ-ਲਿਖੇ ਸਿਆਸਤਦਾਨਾਂ ਨੂੰ ਆਲੀਸ਼ਾਨ ਜ਼ਿੰਦਗੀ ਜਿਊਂਦੇ ਦੇਖਦਾ ਹੈ, ਤਾਂ ਉਸ ਦੇ ਮਨ ਵਿੱਚ ਵੀ 'ਤੇਜ਼ੀ ਨਾਲ ਅਮੀਰ' ਹੋਣ ਦੀ ਇੱਛਾ ਜਾਗਦੀ ਹੈ। ਪਰਿਵਾਰਕ ਦਬਾਅ ਅਤੇ ਉੱਚੇ ਸਮਾਜਿਕ ਰੁਤਬੇ ਨੂੰ ਬਰਕਰਾਰ ਰੱਖਣ ਦੀ ਚਾਹਤ ਉਸ ਨੂੰ ਰਿਸ਼ਵਤਖੋਰੀ ਵੱਲ ਧੱਕ ਦਿੰਦੀ ਹੈ।

ਅਕਸਰ ਸੁਣਨ ਵਿੱਚ ਆਉਂਦਾ ਹੈ ਕਿ ਇਮਾਨਦਾਰ ਅਧਿਕਾਰੀਆਂ ਨੂੰ ਸਿਆਸਤਦਾਨਾਂ ਦੇ ਗਲਤ ਹੁਕਮ ਮੰਨਣ ਲਈ ਮਜਬੂਰ ਕੀਤਾ ਜਾਂਦਾ ਹੈ। ਜੋ ਨਹੀਂ ਮੰਨਦੇ, ਉਨ੍ਹਾਂ ਦੀਆਂ ਵਾਰ-ਵਾਰ ਬਦਲੀਆਂ ਕੀਤੀਆਂ ਜਾਂਦੀਆਂ ਹਨ। ਇਸ ਜ਼ਿੱਲ੍ਹਣ ਤੋਂ ਬਚਣ ਲਈ ਕਈ ਅਧਿਕਾਰੀ ਸਿਆਸਤਦਾਨਾਂ ਨਾਲ ਗੱਠਜੋੜ ਕਰ ਲੈਂਦੇ ਹਨ। ਭਾਵੇਂ ਕਾਨੂੰਨ ਸਖ਼ਤ ਹਨ, ਪਰ ਅਦਾਲਤੀ ਪ੍ਰਕਿਰਿਆ ਇੰਨੀ ਲੰਬੀ ਹੈ ਕਿ ਭ੍ਰਿਸ਼ਟ ਅਧਿਕਾਰੀਆਂ ਨੂੰ ਸਜ਼ਾ ਮਿਲਦਿਆਂ ਦਹਾਕੇ ਬੀਤ ਜਾਂਦੇ ਹਨ। ਸਜ਼ਾ ਦਾ ਡਰ ਘੱਟ ਹੋਣਾ ਭ੍ਰਿਸ਼ਟਾਚਾਰ ਨੂੰ ਉਤਸ਼ਾਹਿਤ ਕਰਦਾ ਹੈ।

ਸਰਕਾਰੀ ਕੰਮਾਂ ਵਿੱਚ ਇੰਨੀ ਜ਼ਿਆਦਾ 'ਲਾਲ ਫੀਤਾਸ਼ਾਹੀ' (ਰੈਦ ਟੇਪਿਸਮ) ਹੈ ਕਿ ਆਮ ਆਦਮੀ ਆਪਣਾ ਜਾਇਜ਼ ਕੰਮ ਕਰਵਾਉਣ ਲਈ ਵੀ ਰਿਸ਼ਵਤ ਦੇਣ ਲਈ ਤਿਆਰ ਹੋ ਜਾਂਦਾ ਹੈ, ਜਿਸ ਦਾ ਫਾਇਦਾ ਇਹ ਅਧਿਕਾਰੀ ਉਠਾਉਂਦੇ ਹਨ।

ਅਕਸਰ ਇਹ ਦੇਖਿਆ ਗਿਆ ਹੈ ਕਿ ਬਹੁਤ ਸਾਰੇ ਅਧਿਕਾਰੀ ਮੱਧ ਵਰਗੀ ਪਰਿਵਾਰਾਂ ਤੋਂ ਆਉਂਦੇ ਹਨ। ਅਹੁਦਾ ਮਿਲਣ ਤੋਂ ਬਾਅਦ, ਉਹ ਆਪਣੇ ਆਉਣ ਵਾਲੀਆਂ ਸੱਤ ਪੀੜ੍ਹੀਆਂ ਲਈ ਇੰਨੀ ਦੌਲਤ ਇਕੱਠੀ ਕਰ ਲੈਣਾ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਕਦੇ ਕਿਸੇ ਚੀਜ਼ ਦੀ ਕਮੀ ਨਾ ਰਹੇ। ਇਹ 'ਅਸੁਰੱਖਿਆ ਦੀ ਭਾਵਨਾ' ਉਨ੍ਹਾਂ ਨੂੰ ਬੇਅੰਤ ਲਾਲਚ ਵੱਲ ਲੈ ਜਾਂਦੀ ਹੈ।

ਚੋਣ ਫੰਡਿੰਗ ਅਤੇ ਸਿਆਸੀ ਗੱਠਜੋੜ ਇੱਕ ਵੱਡਾ ਕਾਰਨ ਹੈ। ਪ੍ਰਸ਼ਾਸਨ ਅਤੇ ਸਿਆਸਤ ਦਾ ਗੱਠਜੋੜ ਭ੍ਰਿਸ਼ਟਾਚਾਰ ਦੀ ਜੜ੍ਹ ਹੈ। ਚੋਣਾਂ ਲਈ ਫੰਡ ਇਕੱਠਾ ਕਰਨ ਦੇ ਦਬਾਅ ਹੇਠ ਸਿਆਸਤਦਾਨ ਅਧਿਕਾਰੀਆਂ ਨੂੰ ਗਲਤ ਕੰਮ ਕਰਨ ਲਈ ਵਰਤਦੇ ਹਨ, ਅਤੇ ਬਦਲੇ ਵਿੱਚ ਉਨ੍ਹਾਂ ਨੂੰ ਮਨਚਾਹੀਆਂ ਤਾਇਨਾਤੀਆਂ ਦਿੱਤੀਆਂ ਜਾਂਦੀਆਂ ਹਨ।

ਇੱਕ ਵੱਡਾ ਕਾਰਨ ਇਹ ਵੀ ਹੈ......

ਸਾਡਾ ਸਮਾਜ ਵੀ ਇਸ ਗੁਨਾਹ ਵਿੱਚ ਬਰਾਬਰ ਦਾ ਹਿੱਸੇਦਾਰ ਹੈ। ਜਦੋਂ ਕੋਈ ਅਧਿਕਾਰੀ ਭ੍ਰਿਸ਼ਟਾਚਾਰ ਰਾਹੀਂ ਪੈਸਾ ਕਮਾ ਕੇ ਪਿੰਡ ਜਾਂ ਸ਼ਹਿਰ ਆਉਂਦਾ ਹੈ, ਤਾਂ ਲੋਕ ਉਸ ਦਾ ਸਵਾਗਤ "ਸਫਲ ਵਿਅਕਤੀ" ਵਜੋਂ ਕਰਦੇ ਹਨ। ਕੋਈ ਇਹ ਨਹੀਂ ਪੁੱਛਦਾ ਕਿ ਇਹ ਪੈਸਾ ਕਿੱਥੋਂ ਆਇਆ? ਜਦੋਂ ਤੱਕ ਸਮਾਜਿਕ ਤੌਰ 'ਤੇ ਭ੍ਰਿਸ਼ਟਾਚਾਰ ਦਾ ਬਾਈਕਾਟ ਨਹੀਂ ਹੁੰਦਾ, ਉਦੋਂ ਤੱਕ ਪੜ੍ਹਾਈ ਲਿਖਾਈ ਬੇਮਾਅਨਾ ਹੈ।

ਕੀ ਕੀਤਾ ਜਾ ਸਕਦਾ ਹੈ?........

ਪ੍ਰਸ਼ਾਸਨਿਕ ਸੁਧਾਰ ਹੋਣੇ ਚਾਹੀਦੇ ਹਨ। ਅਧਿਕਾਰੀਆਂ ਦੀਆਂ ਸ਼ਕਤੀਆਂ ਨੂੰ ਸੀਮਤ ਕਰਕੇ ਪ੍ਰਕਿਰਿਆਵਾਂ ਨੂੰ ਸਵੈਚਾਲਿਤ ਕੀਤਾ ਜਾਵੇ।

ਵ੍ਹਿਸਲਬਲੋਅਰ ਸੁਰੱਖਿਆ ਭਾਵ ਸਿਸਟਮ ਦੇ ਅੰਦਰੋਂ ਹੀ ਭ੍ਰਿਸ਼ਟਾਚਾਰ ਦੇ ਖਿਲਾਫ ਆਵਾਜ਼ ਉਠਾਉਣ ਵਾਲੇ ਲੋਕਾਂ ਨੂੰ ਪੂਰੀ ਸੁਰੱਖਿਆ ਮਿਲਣੀ ਚਾਹੀਦੀ ਹੈ। ਸਿਰਫ਼ ਸੀਨੀਅਰਤਾ ਦੇ ਆਧਾਰ 'ਤੇ ਨਹੀਂ, ਸਗੋਂ ਇਮਾਨਦਾਰੀ ਅਤੇ ਕੰਮ ਦੇ ਆਧਾਰ 'ਤੇ ਤਰੱਕੀ ਹੋਣੀ ਚਾਹੀਦੀ ਹੈ। ਉੱਚ ਅਹੁਦਿਆਂ 'ਤੇ ਬੈਠੇ ਲੋਕਾਂ ਦੀ ਜਾਂਚ ਲਈ ਸੁਤੰਤਰ ਅਤੇ ਸ਼ਕਤੀਸ਼ਾਲੀ ਸੰਸਥਾਵਾਂ ਦਾ ਹੋਣਾ ਲਾਜ਼ਮੀ ਹੈ।

ਕਿਤਾਬੀ ਗਿਆਨ ਸਿਰਫ਼ ਦਿਮਾਗ ਨੂੰ ਤੇਜ਼ ਕਰਦਾ ਹੈ, ਪਰ ਇਮਾਨਦਾਰੀ ਰੂਹ ਦਾ ਗੁਣ ਹੈ। ਜੇਕਰ ਇੱਕ ਉੱਚ ਸਿੱਖਿਆ ਪ੍ਰਾਪਤ ਵਿਅਕਤੀ ਭ੍ਰਿਸ਼ਟ ਹੁੰਦਾ ਹੈ, ਤਾਂ ਉਹ ਇੱਕ ਅਨਪੜ੍ਹ ਅਪਰਾਧੀ ਨਾਲੋਂ ਜ਼ਿਆਦਾ ਖ਼ਤਰਨਾਕ ਹੈ ਕਿਉਂਕਿ ਉਹ ਸਿਸਟਮ ਨੂੰ ਜਾਣਦਾ ਹੈ। ਦੇਸ਼ ਨੂੰ ਸਿਰਫ਼ "ਪੜ੍ਹੇ-ਲਿਖੇ" ਲੋਕਾਂ ਦੀ ਨਹੀਂ, ਸਗੋਂ "ਨੈਤਿਕ ਤੌਰ 'ਤੇ ਸਿੱਖਿਅਤ" ਨਾਗਰਿਕਾਂ ਦੀ ਲੋੜ ਹੈ। ਜਿੰਨੀ ਦੇਰ ਤੱਕ ਸਾਡੀ ਸਫਲਤਾ ਦਾ ਪੈਮਾਨਾ 'ਪੈਸਾ' ਰਹੇਗਾ, ਉਦੋਂ ਤੱਕ ਇਹ ਭ੍ਰਿਸ਼ਟਾਚਾਰ ਦਾ ਚੱਕਰ ਚੱਲਦਾ ਰਹੇਗਾ।



ਗੁਰਦੀਪ ਕੌਰੇਆਣਾ।
9915013953




# ਔਲੇ ਦਾ ਖਾਧਾ ਤੇ....

ਸਿਆਣੇ ਬੰਦੇ ਹਮੇਸ਼ਾ ਕੰਮ ਦੀ ਗੱਲ ਕਰਦੇ ਹਨ ਤੇ ਇਸ਼ਾਰੇ ਨਾਲ ਗੁੱਝੀ ਗੱਲ ਕਰਦੇ ਹੋਏ ਕਈ ਇਸ਼ਾਰੇ ਵੀ ਦਿੰਦੇ ਹਨ। ਓਦੋਂ ਕੋਈਂ ਉਹਨਾਂ ਦੀ ਗੱਲ ਗੋਲਦਾ ਨਹੀਂ ਪਰ ਬਾਅਦ ਵਿੱਚ ਇਹ ਗੱਲਾਂ ਯਾਦ ਆਉਂਦੀਆਂ ਹਨ। ਮੇਰੀ ਹਮਸਫਰ ਦੇ ਬਾਬੁਲ ਮਾਸਟਰ ਬਸੰਤ ਰਾਮ ਗਰੋਵਰ ਆਪਣੀ ਲੰਮੀ ਜਿੰਦਗੀ ਦੇ ਡੂੰਘੇ ਤਜ਼ਰਬੇ ਅਕਸਰ ਮੇਰੇ ਨਾਲ ਸਾਂਝੇ ਕਰਿਆ ਕਰਦੇ ਸਨ। ਪਰ ਓਹ ਸਧਾਰਨ ਤਰੀਕੇ ਨਾਲ ਰੂਟੀਨ ਦੀ ਗੱਲ ਕਰਦੇ ਪਰ ਇਹ ਅਹਿਸਾਸ ਨਹੀਂ ਸੀ ਹੋਣ ਦਿੰਦੇ ਕਿ ਉਹ ਮੈਨੂੰ ਬਿਨ ਮੰਗੀ ਸਲਾਹ ਦੇ ਰਹੇ ਹਨ ਯ ਫਾਲਤੂ ਮੱਤਾਂ ਦਿੰਦੇ ਹਨ। "ਤੰਦਰੁਸਤੀ ਬਹੁਤ ਵੱਡੀ ਨਿਆਮਤ ਹੈ ਬੇਟਾ। ਸਾਨੂੰ ਆਪਣੇ ਸਰੀਰ ਦੀ ਸੰਭਾਲ ਖੁਦ ਕਰਨੀ ਚਾਹੀਦੀ ਹੈ। ਅੱਜਕਲ੍ਹ ਕਿਸੇ ਕੋਲ੍ਹ ਸੇਵਾ ਕਰਨ ਦਾ ਵਕਤ ਨਹੀਂ। ਸਭ ਆਪਣੇ ਕੰਮਾਂ ਵਿੱਚ ਉਲਝੇ ਹੁੰਦੇ ਹਨ।" ਉਹ ਅਕਸਰ ਹੀ ਕਹਿੰਦੇ ਤੇ ਖੁਦ ਵੀ ਇਸਤੇ ਪੂਰਾ ਅਮਲ ਕਰਦੇ। ਲੰਮੀ ਸੈਰ ਕਰਦੇ, ਅਲੋਮ ਵਿਲੋਮ ਕਰਦੇ, ਕਪਾਲ ਭਾਤੀ ਕਰਦੇ ਤੇ ਜੋਰ ਜੋਰ ਦੀ ਹੱਸਦੇ। ਸਦਾ ਖੁਸ਼ ਰਹਿੰਦੇ। ਤਨ ਅਤੇ ਮਨ ਦੀਆਂ ਸੱਟਾਂ ਦਾ ਦਰਦ ਅੰਦਰ ਹੀ ਅੰਦਰ ਸਹਿੰਦੇ। ਇਸ ਤਰ੍ਹਾਂ ਉਹ ਲੰਮੀ ਉਮਰ ਭੋਗਦੇ ਹੋਏ ਬਿਨਾਂ ਬਿਮਾਰੀ ਤੋਂ ਬਿਨਾਂ ਮੰਜੇ ਤੇ ਪਏ ਤੋਂ ਇਸ ਸੰਸਾਰ ਚੋ ਰੁਖਸਤ ਹੋ ਗਏ।

"ਬੰਦੇ ਕੋਲ੍ਹ ਸਾਰੀ ਉਮਰ ਲਈ ਆਮਦਨ ਦਾ ਰੈਗੂਲਰ ਜਰੀਆ ਹੋਣਾ ਚਾਹੀਦਾ ਹੈ। ਸਰਕਾਰੀ ਮੁਲਾਜਮਾਂ ਨੂੰ ਮਿਲਦੀ ਪੈਨਸ਼ਨ ਵਰਗਾ। ਤਾਂਕਿ ਬੁਢਾਪੇ ਵਿੱਚ ਆਕੇ ਕਿਸੇ ਦੀ ਵੀ ਮੁਥਾਜੀ ਨਾ ਸਹਿਣੀ ਪਵੇ। ਕਿਸੇ ਵੱਲ ਝਾਕਣਾ ਨਾ ਪਵੇ।" ਉਹ ਅਕਸਰ ਇੰਜ ਵੀ ਆਖਦੇ। ਪੈਨਸ਼ਨ ਵਰਗੀ ਰੈਗੂਲਰ ਆਮਦਨ ਦੀ ਰੀਸ ਨਹੀਂ ਹੁੰਦੀ। ਚਾਹੇ ਪਤੀ ਪਤਨੀ ਵਿਚੋਂ ਇੱਕ ਨੂੰ ਹੀ ਮਿਲਦੀ ਹੋਵੇ। ਤਾਂਕਿ ਉਹ ਆਪਣੀ ਮਰਜੀ ਅਨੁਸਾਰ ਖਰਚ ਕਰ ਸਕਣ। ਉਹ ਗੱਲ ਕਹਿਣ ਦੀ ਬਜਾਇ ਸਹਿਣ ਵਿੱਚ ਜ਼ਿਆਦਾ ਭਰੋਸਾ ਕਰਦੇ ਸਨ।

" ਬੇਟਾ ਬੰਦੇ ਨੂੰ ਆਪਣਾ ਮੂਲ ਘਰ ਕਦੇ ਨਹੀਂ ਵੇਚਣਾ ਚਾਹੀਦਾ। ਭਾਵੇਂ ਕੋਈਂ ਦੇਸ਼ ਵੱਸੇ ਯ ਵਿਦੇਸ਼। ਬੰਦੇ ਦਾ ਆਪਣਾ ਨਿੱਜੀ ਘਰ ਉਸ ਕੋਲ੍ਹ ਜਰੂਰ ਹੋਣਾ ਚਾਹੀਦਾ ਹੈ। ਆਪਣੇ ਘਰ ਦਾ ਹੋਸਲਾਂ ਹੀ ਵੱਖਰਾ ਹੁੰਦਾ ਹੈ।" ਹੁਣ ਮੈਨੂੰ ਇੰਜ ਲੱਗਦਾ ਹੈ ਕਿ ਉਹਨਾਂ ਨੂੰ ਆਪਣਾ ਨਿੱਜੀ ਘਰ ਵੇਚਣ ਤੇ ਪਛਤਾਵਾ ਸੀ। ਹਲਾਂਕਿ ਉਹਨਾਂ ਦਾ ਅਖਰੀਲਾ ਸਮਾਂ ਬਹੁਤ ਵਧੀਆ ਕੋਠੀ ਚ ਗੁਜਰਿਆ। ਜਿੱਥੇ ਓਹਨਾ ਨੂੰ ਕੋਈਂ ਤਕਲੀਫ ਨਹੀਂ ਸੀ। ਪਰ ਫਿਰ ਵੀ ਕੋਈਂ ਨਾ ਕੋਈਂ ਸਿੱਕ ਜਰੂਰ ਸੀ। ਬੁਢਾਪੇ ਵਿੱਚ ਜਿੱਥੇ ਇਨਸਾਨ ਨੂੰ ਆਪਣੀ ਔਲਾਦ ਦੀਆਂ ਬਹੁ ਮੰਜਲੀ ਕੋਠੀਆਂ ਵੇਖਕੇ ਖੁਸ਼ੀ ਹੁੰਦੀ ਹੈ ਉਥੇ ਆਪਣੀ ਕਮਾਈ ਨਾਲ, ਆਪਣੇ ਹੱਥੀ ਉਸਾਰੇ ਘਰ ਨੂੰ ਵੇਖਕੇ ਸਕੂਨ ਜਿਹਾ ਵੀ ਮਿਲਦਾ ਹੈ। ਆਪਣੀ ਔਲਾਦ ਦੀ ਤਰੱਕੀ ਵੇਖਕੇ ਕੌਣ ਖੁਸ਼ ਨਹੀਂ ਹੁੰਦਾ। ਜਿਵੇਂ ਸਿਆਣੇ ਕਹਿੰਦੇ ਹੁੰਦੇ ਹਨ ਜਿੰਨੇ ਪੁੱਤ ਓਨੇ ਚੁੱਲ੍ਹੇ।

"ਹੁਣ ਇਹ ਜਾਨਣ ਤੇ ਇਹੁਨਾਂ ਦਾ ਕੰਮ ਜਾਣੇ। ਆਪਾਂ ਇਹੁਨਾਂ ਦੇ ਕੰਮ ਵਿੱਚ ਦਖਲ ਨਹੀਂ ਦਿੰਦੇ। ਬਿਨਾਂ ਮੰਗੀ ਸਲਾਹ ਨਹੀਂ ਦਿੰਦੇ ਤੇ ਨਾ ਕੋਈਂ ਆਪਣੀ ਗੱਲ ਪਗਾਉਣ ਦੀ ਅੜੀ ਲਾਉਂਦੇ ਹਾਂ।" ਉਹ ਆਪਣੇ ਬੇਟਿਆਂ ਵੱਲ ਇਸ਼ਾਰਾ ਕਰਕੇ ਕਹਿੰਦੇ। ਸ਼ਾਇਦ ਉਹ ਮੈਨੂੰ ਸਮਝਾਉਂਦੇ ਸਨ ਆਪਣੇ ਜੀਵਨ ਦੇ ਤਜੁਰਬੇ। ਵਾਕਿਆ ਹੀ ਓਹਨਾ ਨੇ ਹਰ ਕੰਮ ਵਿੱਚ ਆਪਣੀ ਬੇਲੋੜੀ ਦਖਲ ਅੰਦਾਜ਼ੀ ਛੱਡ ਦਿੱਤੀ ਸੀ। ਨਾ ਹੀ ਉਹ ਕਿਸੇ ਗੱਲ ਦੀ ਫਾਲਤੂ ਕਨਸੋਅ ਲੈਣ ਦੀ ਕੋਸ਼ਿਸ਼ ਕਰਦੇ ਸਨ। ਕੀ ਕਿਉਂ ਕਿਵੇਂ ਕਿੱਥੇ ਵਰਗੇ ਸਵਾਲ ਓਹਨਾ ਦੀ ਡਿਕਸ਼ਨਰੀ ਚੋ ਗਾਇਬ ਹੋ ਗਏ ਸਨ। ਇਹ ਓਹਨਾ ਦਾ ਫਕੀਰਾਂ ਵਰਗਾ ਅੰਦਾਜ਼ ਸੀ। ਵਾਕਿਆ ਹੀ ਓਹਨਾ ਦੀਆਂ ਇਹ ਆਮ ਗੱਲਾਂ ਕੀਮਤੀ ਹਨ। ਔਲੇ ਦੇ ਖਾਣ ਵਾਂਗੂ ਹੁਣ ਪਤਾ ਲਗਦਾ ਹੈ।



**ਰਮੇਸ਼ ਸੇਠੀ ਬਾਦਲ**
**9876627233**

# ਵੈਦ ਦੀ ਕਲਮ ਤੋਂ

(ਸਰੀਰ ਦੀ ਮਜ਼ਬੂਤੀ ਲਈ ਵਧੀਆ ਨੁਸਖਾ

ਕਿਵੇਂ ਸਾਰੇ ਜਾਣਦੇ ਹੀ ਨੇ ਕਿ ਅੱਜਕਲ ਆਪਣੇ ਖ਼ਾਸ ਕਰ ਭਾਰਤ ਵਿਚ ਮਿਲਾਵਟੀ ਚੀਜ਼ਾਂ ਦਾ ਮਿਲਣਾ, ਖੇਤੀ ਵਿੱਚ ਰੇਹ ਸਪਰੇਹ ਵਗੈਰਾ ਦੀ ਬਹੁਤਾਤ ਮਾਤਰਾ ਵਿਚ ਵਰਤੋਂ ਨੇ ਆਮ ਬੰਦਿਆਂ ਦੇ ਸਰੀਰ ਵਿਚ ਉਹ ਤਾਕਤ ਨਹੀਂ ਛੱਡੀ, ਜਿਹੜੀ ਅੱਜ ਤੋਂ ਤੀਹ ਪੈਂਤੀ ਸਾਲ ਪਹਿਲਾਂ ਤੱਕ ਹੁੰਦੀ ਸੀ। ਜਿਸ ਕਰਕੇ ਅੱਜਕਲ ਲੋਕ ਡਾਕਟਰਾਂ ਦੀ ਲੁੱਟ ਦਾ ਸ਼ਿਕਾਰ ਬਹੁਤ ਹੋ ਰਹੇ ਹਨ। ਇੱਕ ਥੋੜ੍ਹੇ ਸਮੇਂ ਦੇ ਸਵਾਦ ਲਈ ਕੁਛ ਨੌਜਵਾਨ ਮੁੰਡਿਆਂ ਵੱਲੋਂ ਅੰਗਰੇਜ਼ੀ ਗੋਲੀ ਦੇ ਇਸਤੇਮਾਲ ਨੇ ਬਹੁਤ ਬਰਬਾਦੀ ਲਿਆਂਦੀ ਹੈ। ਕਿਉਂਕਿ ਮੁੰਡੇ ਨਵੀਂ ਉਮਰ ਵਿਚ ਤਾਂ ਚੌੜ ਚੌੜ ਵਿਚ ਹੀ ਅਪਣਾ ਝੱਗਾ ਚੌਪਟ ਕਰ ਬੈਠਦੇ ਨੇ।

ਤੁਹਾਡੀ ਇਹ ਜਰੂਰਤ ਪੂਰੀ ਕਰਨ ਲਈ ਇੱਕ ਸਸਤਾ ਨੁਸਖਾ ਦੱਸ ਰਿਹਾ ਹਾਂ। ਜਿਸਦੇ ਇਸਤੇਮਾਲ ਨਾਲ ਲੰਬੀ ਉਮਰ ਤੱਕ ਫਿੱਟ ਰਿਹਾ ਜਾ ਸਕਦਾ ਹੈ। ਤੇ ਬੜੀ ਛੇਤੀ ਆਉਣ ਵਾਲੇ ਚਿੱਟੇ ਵਾਲਾਂ ਤੋਂ ਵੀ ਬਚਿਆ ਜਾ ਸਕਦਾ ਹੈ। ਘਰੇਲੂ ਮਸ਼ੀਨੀ ਜਾ ਦਫ਼ਤਰੀ ਕੰਮਾਂ ਵਿਚ ਜੀਅ ਲਗਦਾ ਹੇ ਤੇ ਪ੍ਰੇਸ਼ਾਨੀ ਨਹੀਂ ਹੁੰਦੀ। ਸਾਲ ਵਿਚ ਇਸਨੂੰ ਕਿਸੇ ਵੀ ਮਹੀਨੇ ਵਰਤ ਸਕਦੇ ਹੋ।

ਸਮੱਗਰੀ।

ਸਾਲਮ ਪੰਜਾ
ਸਾਲਮ ਮਿਸ਼ਰੀ
ਸਫੈਦ ਮੂਸਲੀ
ਕਾਲੀ ਮੂਸਲੀ
ਅਸ਼ਵਗੰਧਾ
ਸ਼ਤਾਵਰੀ
ਕਉਂਚ ਬੀਜ
ਗੋਰਖ ਮੁੰਡੀ
ਭਾਖੜਾ
ਭੰਗ ਦੇ ਬੀਜ
ਭ੍ਰਿੰਗਰਾਜ

ਇਹ ਸਾਰੇ ਸੌ ਸੌ ਗ੍ਰਾਮ ਲੈਣੇ ਨੇ।

ਅਕਰਕਰਾ ਇਰਾਨੀ ਪੰਜਾਹ ਗ੍ਰਾਮ
ਜਵੱਟਰੀ ਤੀਹ ਗ੍ਰਾਮ
ਮਿਸ਼ਰੀ ਧਾਗੇ ਵਾਲੀ ਦੋ ਸੌ ਗ੍ਰਾਮ
ਵੰਗ ਭਸਮ ਪੰਜਾਹ ਗ੍ਰਾਮ

ਨੋਟ::- ਇਹ ਸਭ ਕੁੱਟਣ ਤੋਂ ਪਹਿਲਾਂ ਕਾਉਂਚ ਬੀਜ ਦੁੱਧ ਵਿਚ ਉਬਾਲ ਕੇ ਉਹਨਾਂ ਦਾ ਛਿਲਕਾ ਉਤਾਰ ਦੇਣਾ ਹੇ। ਇਸਨੂੰ ਸੋਧਣਾ ਕਿਹਾ ਜਾਂਦਾ ਹੈ।

ਪੰਸਾਰੀ ਤੋਂ ਲੈਣ ਵੇਲੇ, ਕਦੇ ਵੀ ਕੁੱਟਿਆ ਹੋਇਆ ਸਮਾਨ ਨਾ ਲਵੋ। ਸਗੋਂ ਸਾਬਤ ਲਿਆ ਕੇ ਘਰ ਆ ਕੇ ਤਿਆਰ ਕਰੋ।

ਪੈਸੇ ਘੱਟ ਹੋਣ ਦੀ ਸੂਰਤ ਵਿੱਚ ਸਮਾਨ ਅੱਧਾ ਜਾ ਚੌਥਾ ਹਿੱਸਾ ਵੀ ਖਰੀਦ ਸਕਦੇ ਹੋ। ਇੱਕ ਵਾਰ ਲਿਆ ਪੂਰਾ ਸਮਾਨ ਤਕਰੀਬਨ ਤਿੰਨ ਤੋਂ ਚਾਰ ਮਹੀਨੇ ਖਾਧਾ ਜਾਂਦਾ ਹੈ। ਤੀਹ ਸਾਲ ਤੋਂ ਪੰਜਾਹ ਸਾਲ ਦੀ ਉਮਰ ਤੱਕ ਤਾਂ ਦੋ ਜਾ ਤਿੰਨ ਸਾਲ ਵਿੱਚ ਇੱਕ ਵਾਰ ਤੇ ਪੰਜਾਹ ਤੋਂ ਬਾਦ ਤਾਂ ਹਰ ਸਾਲ ਹੀ ਖਾਧਾ ਜਾਵੇ ਤਾਂ ਬਹੁਤ ਵਧੀਆ ਹੈ।

ਖਾਣ ਦੀ ਵਿਧੀ।

ਸਵੇਰੇ ਸ਼ਾਮ ਰੋਟੀ ਤੋਂ ਤਕਰੀਬਨ ਇੱਕ ਡੇਢ ਘੰਟਾ ਪਹਿਲਾਂ ਇੱਕ ਚਮਚ ਦਵਾਈ ਤਾਜ਼ਾ ਪਾਣੀ ਨਾਲ ਲਵੋ।

ਸ਼ਰਾਬ ਪੀਣ ਦੇ ਸ਼ੌਕੀਨ ਤਾਂ ਸ਼ਾਮ ਵੇਲੇ ਇਹ ਦਵਾਈ ਚਾਰ ਵਜੇ ਦੇ ਨੇੜੇ ਲੈਣ। ਤਾਂ ਕਿ ਉਦੋਂ ਤੱਕ ਪੂਰਾ ਅਸਰ ਕਰ ਜਾਵੇ।

ਬਾਕੀ ਜੇਕਰ ਕਿਸੇ ਨੇ ਫੋਨ ਤੇ ਕੁਛ ਪੁੱਛਣਾ ਹੋਵੇ ਤਾਂ ਫੋਨ ਭਾਰਤ ਦੇ ਸ਼ਾਮ ਅੱਠ ਵਜੇ ਜਾ ਉਸ ਤੋਂ ਬਾਅਦ ਕਰਨਾ। ਜਵਾਬ ਮਿਲੇਗਾ।



**ਵੈਦ ਬਲਵਿੰਦਰ ਸਿੰਘ ਢਿੱਲੋਂ**
**+14312932265**

# ਨਵਾਂ ਸਬਕ

ਜ਼ਿੰਦਗੀ ਰੋਜ਼ਾਨਾ ਬਹੁਤ ਸਾਰੇ ਨਵੇਂ ਸਬਕ ਦਿੰਦੀ ਹੈ ।

ਕੁੱਝ ਵਿਅਕਤੀ ਉਨ੍ਹਾਂ ਸਬਕਾਂ ਤੋਂ ਸਿੱਖ ਜਾਂਦੇ ਹਨ ਪਰ ਬਾਕੀ ਜਿਆਦਾ ਤੌਰ ਤੇ ਘਬਰਾ ਜਾਂਦੇ ਹਨ ।

ਸਬਕ ਹਮੇਸ਼ਾਂ ਸਿੱਖਣ ਵਾਸਤੇ ਹੁੰਦੇ ਹਨ ਘਬਰਾਉਣ ਲਈ ਨਹੀਂ ।


ਜ਼ਿੰਦਗੀ ਵਿੱਚ ਅਨੇਕਾਂ ਸਬਕ ਲੈਣ ਵਾਲੇ ਅਤੇ ਉਨ੍ਹਾਂ ਸਬਕਾਂ ਤੋਂ ਸਿੱਖਣ ਵਾਲੇ ਆਪਣੇ ਆਪ ਵਿੱਚ ਹੀ ਯੂਨੀਵਰਸਿਟੀ ਬਣ ਜਾਂਦੇ ਹਨ ।

ਹਰ ਸਬਕ ਦੀ ਕੀਮਤ ਹੁੰਦੀ ਹੈ ਲ ਇਹ ਜ਼ਰੂਰੀ ਨਹੀਂ ਹੈ ਕਿ ਉਸ ਸਬਕ ਵਾਸਤੇ ਹਮੇਸ਼ਾਂ ਪੈਸੇ ਹੀ ਤਾਰਨੇ ਪੈਣ । ਕਈ ਵਾਰ ਸਬਕ ਲੈਣ ਲਈ ਆਪਣਾ ਸਮਾਂ ਕੁਰਬ-ਾਨ ਕਰਨਾ ਪੈਂਦਾ ਹੈ, ਕਈ ਵਾਰ ਸਬਕ ਲੈਣ ਲਈ ਘਾਟਾ ਜ਼ਰਨਾ ਪੈਂਦਾ ਹੈ, ਕਈ ਵਾਰ ਦੂਜਿਆਂ ਤੇ ਯਕੀਨ ਕਰਨਾ ਪੈਂਦਾ ਹੈ, ਕਈ ਵਾਰ ਦੂਜਿਆਂ ਦਾ ਕੀਤਾ ਧੋਖਾ ਜ਼ਰਨਾ ਪੈਂਦਾ ਹੈ, ਕਈ ਵਾਰ ਸਬਕ ਲੈਂਦੇ ਲੈਂਦੇ ਫੇਲ੍ਹ ਵੀ ਹੋਣਾ ਪੈਂਦਾ ਹੈ ਅਤੇ ਕਈ ਵਾਰ ਸਬਕ ਲੈਣ ਲਈ ਡਿਗ ਡਿਗ ਕੇ ਉੱਠਣਾ ਪੈਂਦਾ ਹੈ ।

ਉਪਰੋਕਤ ਸਭ ਪੜ੍ਹ ਕੇ ਪਤਾ ਲਗਦਾ ਹੈ ਕਿ ਅਕਸਰ ਸਬਕ ਬਹੁਤ ਮਹਿੰਗੇ ਪੈਂਦੇ ਹਨ ਅਤੇ ਸਬਕ ਜ਼ਿੰਦਗੀ ਦਾ ਬਹੁਤ ਸਮਾਂ ਲੈ ਜਾਂਦੇ ਹਨ ਅਤੇ ਕਈ ਸਬਕ ਵਿਅਕਤੀ ਨੂੰ ਜ਼ਿੰਦਗੀ ਵਿੱਚ ਬਹੁਤ ਪਿੱਛੇ ਧੱਕ ਦਿੰਦੇ ਹਨ ।

ਕਿਤਾਬਾਂ ਪੜ੍ਹਨ ਵਾਲੇ ਲੋਕ ਬਹੁਤ ਸਾਰੇ ਸਬਕ ਲੈ ਲੈਂਦੇ ਹਨ ਜੋ ਉਨ੍ਹਾਂ ਦੀ ਜ਼ਿੰਦਗੀ ਵਿੱਚ ਕੰਮ ਆਉਂਦੇ ਹਨ ਲ ਉਹ ਦੂਜਿਆਂ ਦੇ ਤਜ਼ਰਬਿਆਂ ਅਤੇ ਕੀਤੀਆਂ ਗਲਤੀਆਂ ਤੋਂ ਸਿੱਖ ਲੈਂਦੇ ਹਨ ਜਿਸ ਨਾਲ ਉਨ੍ਹਾਂ ਦਾ ਆਪਣਾ ਨੁਕਸਾਨ ਨਹੀਂ ਹੁੰਦਾ ।

ਆਓ ਕਿਤਾਬਾਂ ਨੂੰ ਆਪਣਾ ਮਨਭਾਉਂਦਾ ਸਾਥੀ ਬਣਾਈਏ । ਕਿਤਾਬਾਂ ਇੱਕ ਅਜਿਹਾ ਸਾਥੀ ਹੁੰਦੀਆਂ ਹਨ ਜੋ ਕੁੱਝ ਖਾਂਦੀਆਂ



ਪੀਂਦੀਆਂ ਨਹੀਂ, ਇਨ੍ਹਾਂ ਨੂੰ ਗਰਮੀ ਜਾਂ ਠੰਡ ਨਹੀਂ ਲਗਦੀ ਅਤੇ ਨਾ ਹੀ ਇਨ੍ਹਾਂ ਨੂੰ ਕੱਪੜਿਆਂ ਦੀ ਲੋੜ ਹੁੰਦੀ ਹੈ ਲ ਇਹ ਤਾਂ ਗਿਆਨ ਦਾ ਸਾਗਰ ਹੁੰਦੀਆਂ ਹਨ ਲ ਇੱਕ ਕਿਤਾਬ ਤੋਂ ਜਿੰਨੇ ਲੋਕ ਮਰਜ਼ੀ ਗਿਆਨ ਲੈ ਜਾਣ ਪਰ ਕਿਤਾਬ ਵਿੱਚ ਉਹ ਗਿਆਨ ਕਦੇ ਖ਼ਤਮ ਨਹੀਂ ਹੁੰਦਾ ਹੈ ਲ ਕਿਤਾਬਾਂ ਇੱਕ ਐਸੀ ਰੌਸ਼ਨੀ ਵੰਡਦੀਆਂ ਹਨ ਜਿਸ ਦਾ ਹਰ ਮਹੀਨੇ ਬਿੱਲ ਨਹੀਂ ਆਉਂਦਾ । ਆਓ ਕਿਤਾਬਾਂ ਨੂੰ ਆਪਣਾ ਸਾਥੀ ਬਣਾਈਏ ਅਤੇ ਹੋਰ ਨਵੇਂ ਸਬਕ ਲਈਏ ।




**ਅਵਤਾਰ ਤਰਕਸ਼ੀਲ ਨਿਊਜ਼ੀਲੈਂਡ**
**ਜੱਦੀ ਪਿੰਡ ਖੁਰਦਪੁਰ (ਜਲੰਧਰ)**
**006421392147**

# ਨਾੜ ਸਾੜਨ ਦਾ ਹੱਲ-ਜੁਰਮਾਨਾ ਨਹੀਂ ਸਰਕਾਰੀ ਮਦਦ

ਹਰੇਕ ਸਾਲ ਪੰਜਾਬ ਵਿੱਚ ਨਾੜ ਸਾੜਨ ਦਾ ਮੁੱਦਾ ਬਹੁਤ ਜ਼ੋਰ ਫੜਦਾ ਹੈ। ਜਿਸ ਨਾਲ ਸਰਕਾਰਾਂ ਅਤੇ ਕਿਸਾਨਾਂ ਵਿੱਚ ਆਪਸੀ ਅਸੰਜਮਸਤਾ ਪੈਦਾ ਹੁੰਦੀ ਹੈ। ਨਾੜ ਦੇ ਧੂੰਏਂ ਨਾਲ਼ੋਂ ਜ਼ਿਆਦਾ ਸਿਆਸੀ ਧੂੰਆਂ ਜ਼ਿਆਦਾ ਜ਼ੋਰ ਫੜਦਾ ਹੈ। ਪ੍ਰਦੂਸ਼ਣ ਬਾਜ਼ੀ ਦੇ ਨਾਲ ਨਾਲ ਦੂਸ਼ਣਬਾਜ਼ੀ ਦਾ ਦੌਰ ਸ਼ੁਰੂ ਹੋ ਜਾਂਦਾ ਹੈ। ਜਦੋਂ ਤੋਂ ਕਣਕ ਦੀ ਵਾਢੀ ਮਸ਼ੀਨਾਂ ਨਾਲ ਹੋਣ ਲੱਗ ਪਈ ਹੈ,ਨਾੜ ਸਾੜਨ ਦਾ ਕੋਈ ਸਥਾਈ ਹੱਲ ਸਾਹਮਣੇ ਨਹੀਂ ਆਇਆ,ਪਰ ਪਿਛਲੇ ਕੁਝ ਸਾਲਾਂ ਤੋਂ ਨਾੜ ਸਾੜਨ ਦਾ ਸਿਲਸਿਲਾ ਘਟਿਆ ਜ਼ਰੂਰ ਹੈ ਕਿਉਂਕਿ ਕਿਸਾਨਾਂ ਵਿੱਚ ਇਸ ਸਬੰਧੀ ਜਾਗਰੂਕਤਾ ਜ਼ਰੂਰ ਆਈ ਹੈ। ਪੰਜਾਬ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਪੰਜਾਬ ਵਿੱਚ ਬਾਰਾਂ ਹਜ਼ਾਰ ਤੋਂ ਵੱਧ ਪਿੰਡ ਹਨ ਜਿੱਥੇ ਲੋਕ ਖੇਤੀਬਾੜੀ ਨਾਲ ਸਬੰਧਤ ਹੀ ਕਿੱਤਾਕਾਰ ਹਨ ਜਿਨ੍ਹਾਂ ਨੂੰ ਕਿਸਾਨ ਕਿਹਾ ਜਾਂਦਾ ਹੈ। ਇਹਨਾਂ ਵਿੱਚ ਵੱਡੀ ਖੇਤੀ ਕਰਨ ਵਾਲੇ ਥੋੜ੍ਹੇ ਕਿਸਾਨ ਹੁੰਦੇ ਹਨ ਜਦਕਿ ਘੱਟ ਜ਼ਮੀਨ ਦੀ ਖੇਤੀ ਕਰਨ ਵਾਲੇ ਬਹੁਤੇ ਕਿਸਾਨ ਹੁੰਦੇ ਹਨ। ਛੋਟੀ ਖੇਤੀ ਵਾਲ਼ੇ ਕਿਸਾਨਾਂ ਦਾ ਜੀਵਨ ਬਹੁਤ ਮੁਸ਼ਕਲਾਂ ਭਰਿਆ ਹੁੰਦਾ ਹੈ। ਖ਼ੇਤੀਬਾੜੀ ਵਿੱਚ ਕਿਸਾਨਾਂ ਨੂੰ ਦਿਨ ਰਾਤ ਮਿਹਨਤ ਕਰਨ ਦੇ ਬਾਵਜੂਦ ਮੌਸਮ ਦੀਆਂ ਵਿਪਰੀਤ ਸਥਿਤੀਆਂ, ਬਿਜਲੀ ਸੰਕਟ ਅਤੇ ਆਰਥਿਕ ਤੰਗੀਆਂ ਤੁਰਸ਼ੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਵਾਰ ਤਾਂ ਕਿਸਾਨਾਂ ਦੀਆਂ ਪੁੱਤਾਂ ਵਾਂਗ ਪਾਲੀਆਂ ਫਸਲਾਂ ਹੜਾਂ, ਗੜੇਮਾਰੀ ਜਾਂ ਜ਼ਿਆਦਾ ਬਰਸਾਤਾਂ ਕਾਰਨ ਨਸ਼ਟ ਹੋ ਜਾਂਦੀਆਂ ਹਨ ਜਾਂ ਬਿਜਲੀ ਨਾ ਮਿਲਣ ਕਾਰਨ ਡੀਜ਼ਲਾਂ ਦੇ ਵਾਧੂ ਖ਼ਰਚਿਆਂ ਕਰਕੇ ਅਕਸਰ ਹੀ ਉਹਨਾਂ ਨੂੰ ਆਰਥਿਕ ਸੰਕਟ ਦੇ ਦੌਰ ਵਿੱਚੋਂ ਗੁਜ਼ਰਨਾ ਪੈਂਦਾ ਹੈ। ਇਹਨਾਂ ਸਭ ਤੋਂ ਇਲਾਵਾ ਕਿਸਾਨਾਂ ਲਈ ਸਾਲ ਵਿੱਚ ਦੋ ਵਾਰ ਫ਼ਸਲਾਂ ਦੀ ਰਹਿੰਦ ਖੂਹੰਦ ਭਾਵ ਨਾੜ ਤੇ ਪਰਾਲੀ ਨੂੰ ਸਾੜਨਾ ਜਾਂ ਵਾਹੁਣਾ ਵੀ ਸਿਰਦਰਦ ਬਣਿਆ ਹੋਇਆ ਹੈ। ਅੱਜ ਕੱਲ੍ਹ ਕਣਕ ਦੀ ਵਾਢੀ ਹੋ ਚੁੱਕੀ ਹੈ,ਪਰ ਕਣਕ ਦੀ ਨਾੜ ਸਾੜਨਾ ਆਮ ਲੋਕਾਂ ਜਾਂ ਰਾਹਗੀਰਾਂ ਲਈ ਇੱਕ ਵੱਡੀ ਸਿਰਦਰਦੀ ਬਣੀ ਹੋਈ ਹੈ। ਇਸ ਤੋਂ ਉੱਠਣ ਵਾਲੇ ਧੂੰਏਂ ਤੋਂ ਪ੍ਰਭਾਵਿਤ ਹੋ ਕੇ ਦਿਲ ਦਹਿਲਾ ਦੇਣ ਵਾਲੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ। ਕਣਕ ਦੀ ਨਾੜ ਦੇ ਧੂੰਏਂ ਕਾਰਨ ਅਨੇਕਾਂ ਹੀ ਮੰਦਭਾਗੀ ਘਟਨਾਵਾਂ ਵਾਪਰਨ ਦਾ ਖਦਸ਼ਾ ਬਣਿਆ ਰਹਿੰਦਾ ਹੈ ਤੇ ਹਰੇਕ ਸਾਲ ਇਨ੍ਹਾਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਹੈ।ਆਖਰ ਇਹ ਕਦ ਤੱਕ ਹੁੰਦਾ ਰਹੇਗਾ? ਇਸ ਦਾ ਹੱਲ ਕਿਸਾਨਾਂ ਨੂੰ ਆਪ ਹੀ ਸੋਚਣਾ ਪਵੇਗਾ। ਦੁਰਘਟਨਾਵਾਂ ਦਾ ਸ਼ਿਕਾਰ ਹੋਣ ਵਾਲੇ ਰਾਹਗੀਰ ਵੀ ਉਹਨਾਂ ਵਰਗੇ ਆਮ ਲੋਕ ਹੀ ਹੁੰਦੇ ਹਨ।

ਸਰਕਾਰਾਂ ਅਤੇ ਬਹੁਤ ਸਾਰੀਆਂ ਸਮਾਜਿਕ ਜਥੇਬੰਦੀਆਂ ਵੱਲੋਂ ਖੇਤਾਂ ਵਿੱਚ ਫ਼ਸਲਾਂ ਦੀ ਰਹਿੰਦ ਖੂਹੰਦ ਨੂੰ ਸਾੜਨ ਬਾਰੇ ਅਤੇ ਇਸਦੇ ਵਾਤਾਵਰਨ ਤੇ ਬਹੁਤ ਸਾਰੇ ਹਾਨੀਕਾਰਕ ਪ੍ਰਭਾਵ ਬਾਰੇ ਜਿਵੇਂ ਪੌਸ਼ਟਿਕ ਤੱਤਾਂ ਦਾ ਨੁਕ-ਸਾਨ, ਧੂੰਏਂ ਤੋਂ ਪ੍ਰਦੂਸ਼ਣ ,ਫਲੈਟਿੰਗ ਥ੍ਰੈਡਸ ਤੋਂ ਬਿਜਲੀ ਅਤੇ ਇਲੈਕਟ੍ਰਾਨਿਕ ਸਾਜ਼ੋ-ਸਾਮਾਨ ਨੂੰ ਨੁਕਸਾਨ, ਨਿਯੰਤਰਣ ਤੋਂ ਬਾਹਰ ਫੈਲਣ ਵਾਲੀਆਂ ਅੱਗਾਂ ਦਾ ਜ਼ੋਖਮ ਆਦਿ ਤੇ ਸਮੇਂ ਸਮੇਂ ਸਿਰ ਜਾਣੂ ਕਰਵਾਇਆ ਜਾਂਦਾ ਹੈ। ਆਮ ਤੌਰ ਤੇ ਸਰਕਾਰਾਂ ਵੱਲੋਂ ਕਿਸਾਨਾਂ ਨੂੰ ਪਹਿਲਾਂ ਹੀ ਸੁਝਾਅ ਦੇ ਦਿੱਤਾ ਜਾਂਦਾ ਹੈ ਕਿ ਕਣਕ ਦੀ ਕਟਾਈ ਤੋਂ ਬਾਅਦ ਕਣਕ ਦੇ ਨਾੜ ਨੂੰ ਅੱਗ ਨਾ ਲਾਉਣ ਕਿਉਂਕਿ ਝੋਨੇ ਦੀ ਬੀਜਾਈ ਦਾ ਸਮਾਂ ਲਗਭਗ ਡੇਢ ਕੁ ਮਹੀਨਾ ਹੁੰਦਾ ਹੈ। ਇਸੇ ਦੌਰਾਨ ਉਹ ਖੇਤਾਂ ਨੂੰ ਚੰਗੀ ਤਰ੍ਹਾਂ ਵਾਹ ਕੇ ਦੋ ਤਿੰਨ ਵਾਰ ਪਾਣੀ ਲਾਉਣ ਤੇ ਫਿਰ ਖੇਤਾਂ ਨੂੰ ਵਾਹੁਣ ਅਤੇ ਸੁਹ-ਾਗਾ ਮਾਰਨ ਅਤੇ ਫਿਰ ਪਾਣੀ ਦੇਣ।ਇਸ ਤਰ੍ਹਾਂ ਇਕ ਵਾਰ ਖੇਤ ਵਾਹੁਣ ਨਾਲ ਹੀ ਨਾੜ ਖੇਤ ਵਿਚ ਰਲ ਜਾਵੇਗੀ। ਜਦੋਂ ਝੋਨੇ ਦੀ ਫਸਲ ਲਾਉਣੀ ਹੈ ਤਾਂ ਇਹ ਖਾਦ ਉਪਜਾਊ ਫਸਲ ਪੈਦਾ ਕਰੇਗੀ।ਪਰ ਸਵਾਲ ਇੱਥੇ ਇਹ ਉੱਠਦਾ ਹੈ ਕਿ ਐਨੀ ਵਾਰੀ ਵਾਹੁਣ, ਸੁਹਾਗਾ ਮਾਰਨ ਅਤੇ ਪਾਣੀ ਛੱਡਣ ਦਾ ਖ਼ਰਚ ਕਿਸਾਨ ਉੱਪਰ ਵਾਧੂ ਭਾਰ ਹੈ।ਕਿਸਾਨ ਤਾਂ ਪਹਿਲਾਂ ਹੀ ਕਰਜ਼ਿਆਂ ਦੇ ਭਾਰ ਹੇਠ ਦੱਬੇ ਹੋਏ ਖੁਦਕਸ਼ੀਆਂ ਕਰ ਰਹੇ ਹਨ। ਗੜੇਮਾਰੀ ਕਾਰਨ ਉਨ੍ਹਾਂ ਦੀ ਤਿਆਰ ਫ਼ਸਲ ਦਾ ਝਾੜ ਐਨਾ ਘਟ ਜਾਂਦਾ ਹੈ ਕਿ ਉਸ ਦੇ ਖ਼ਰਚੇ ਵੀ ਪੂਰੇ ਨਹੀਂ ਪੈਂਦੇ। ਇਸ ਤੋਂ ਇਲਾਵਾ ਜੇ ਕਿਸਾਨ ਮਸ਼ੀਨੀ ਕਟਾਈ ਦੀ ਥਾਂ ਕਾਮੇ ਲਾ ਕੇ ਹੱਥੀਂ ਫ਼ਸਲ ਕਟਵਾਉਂਦਾ ਹੈ ਤਾਂ ਵੀ ਕਿਸਾਨਾਂ ਉੱਤੇ ਵੱਧ ਸਮਾਂ ਲੱਗਣ ਦੇ ਨਾਲ ਨਾਲ ਵਿੱਤੀ ਭਾਰ ਪੈਂਦਾ ਹੈ। ਜੇ ਕਿਸਾਨ ਨਾੜ ਜਾਂ ਪਰਾਲ਼ੀ ਨੂੰ ਸਾੜਦਾ ਹੈ ਤਾਂ ਉਸ ਨੂੰ ਸਰਕਾਰ ਵੱਲੋਂ ਜੁਰਮਾਨਾ ਵੀ ਲਗਾਇਆ ਜਾਂਦਾ ਹੈ।ਇਸ ਤਰ੍ਹਾਂ ਇਸ ਮਸਲੇ ਤੇ ਕਿਸਾਨ ਹੀ ਹਰ ਪਾਸਿਉਂ ਘੇਰਿਆ ਜਾਂਦਾ ਹੈ।

ਕਣਕ ਦੇ ਨਾੜ ਨੂੰ ਸਾੜਨ ਨਾਲ ਖੇਤਾਂ ਵਿਚਲੇ ਜ਼ਰੂਰੀ ਤੱਤ ਨਸ਼ਟ ਹੋ ਜਾਂਦੇ ਹਨ । ਇਸ ਨਾਲ ਧਰਤੀ ਹੇਠਲੇ ਜਾਂ ਦਰਖ਼ਤਾਂ ਤੇ ਰਹਿਣ ਵਾਲੇ ਨਿਰਦੋਸ਼ ਜੀਵ ਅਨਿਆਈ ਮੌਤ ਮਾਰੇ ਜਾਂਦੇ ਹਨ। ਦੂਜੀ ਗੱਲ ਇਖ਼ਲਾਕੀ ਤੌਰ ਤੇ ਵਿਚਾਰਨਯੋਗ ਹੈ ਕਿ ਜਿਹੜੇ ਖੇਤ ਸਾਨੂੰ ਖਾਣ ਲਈ ਅੰਨ ਦਿੰਦੇ ਹਨ। ਉਨ੍ਹਾਂ ਖੇਤਾਂ ਨੂੰ ਹੀ ਸਾਡੇ ਵੱਲੋਂ ਅੱਗ ਦੀ ਲਪੇਟ 'ਚ ਦੇਣਾ ਇੱਕ ਗ਼ੈਰ-ਜ਼ਿੰਮੇਦਾਰਾਨਾ ਕੰਮ ਹੈ। ਤੀਜਾ ਵੱਡਾ ਨੁਕਸਾਨ ਪ੍ਰਕ੍ਰਿਤੀ ਨੂੰ ਨੁਕਸਾਨ ਪਹੁੰਚਦਾ ਹੈ,ਕਈ ਕਈ ਸਾਲਾਂ ਵਿੱਚ ਵਧੇ ਫੁੱਲੇ ਰੁੱਖ ਝੁਲਸੇ ਜਾਂਦੇ ਹਨ। ਪੰਛੀਆਂ ਦੇ ਰੈਣ ਬਸੇਰੇ ਖ਼ਤਮ ਹੋਣ ਨਾਲ ਪੰਛੀਆਂ ਅਤੇ ਜਾਨਵਰਾਂ ਦੀਆਂ ਕਈ ਜਾਤੀਆਂ ਤਾਂ ਧਰਤੀ ਤੋਂ ਅਲੋਪ ਹੋ ਰਹੀਆਂ ਹਨ ਜੋ ਬਨਸਪਤੀ ਦੇ ਖ਼ਾਤਮੇ ਪ੍ਰਤੀ ਮਨੁੱਖ ਵੱਲੋਂ ਸਭ ਤੋਂ ਘਾਤਕ ਅਲਾਮਤ ਹੈ। ਧੂੰਏਂ ਤੋਂ ਨਿਕਲਣ ਵਾਲੀਆਂ ਜ਼ਹਿਰੀਲੀਆਂ ਗੈਸਾਂ ਵੀ ਬਨਸਪਤੀ ਅਤੇ ਜੀਵਾਂ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਦੂਜੇ ਪਾਸੇ ਦੇਖਿਆ ਜਾਵੇ ਤਾਂ ਕਣਕ ਦੇ ਨਾੜ ਦਾ ਨਿਪਟਾਰਾ ਕਰਨਾ ਵੀ ਅਤਿ ਜਰੂਰੀ ਹੈ, ਪਰੰਤੂ ਇਸ ਲਈ ਅੱਗ ਲਗਾਉਣਾ ਹੀ ਇੱਕ ਸਾਧਨ ਨਹੀਂ ਹੈ। ਜਿਸ ਤਰ੍ਹਾਂ ਉੱਪਰ ਦੱਸਿਆ ਗਿਆ ਹੈ ਕਿ ਇਸ ਦੇ ਬਦਲ ਵਜੋਂ ਚਾਹੇ ਖੇਤਾਂ ਵਿੱਚ ਪਾਣੀ ਲਗਾ ਕੇ ਇਸ ਨੂੰ ਵਾਹ ਕੇ ਵੀ ਨਾੜ ਦਾ ਸੁਚੱਜਾ ਨਿਪਟਾਰਾ ਕੀਤਾ ਜਾ ਸਕਦਾ ਹੈ , ਜਿਸ ਨਾਲ ਨਾ ਤਾਂ ਕਿਸੇ ਪ੍ਰਕਾਰ ਦਾ ਕੋਈ ਪ੍ਰਦੂਸ਼ਣ ਫੈਲੇਗਾ ਅਤੇ ਨਾ ਹੀ ਖੇਤੀ ਦੇ ਤੱਤ ਨਸ਼ਟ ਹੋਣਗੇ ਪਰ ਇਸ ਸਭ ਲਈ ਸਰਕਾਰਾਂ ਨੂੰ ਹੀ ਪਹਿਲ ਕਰਨੀ ਪਵੇਗੀ।ਇਸ ਦੇ ਨਿਪਟਾਰੇ ਲਈ ਕਿਸਾਨਾਂ ਦਾ ਸਾਥ ਦੇਣ ਲਈ ਸਰਕਾਰ ਨੂੰ ਹੀ ਵਿੱਢਣ ਵਿੱਢਣਾ ਪਵੇਗਾ। ਨਾੜ ਜਾਂ ਪਰਾਲ਼ੀ ਨੂੰ ਸਾੜਨ ਤੇ ਕਿਸਾਨਾਂ ਉੱਤੇ ਜੁਰਮਾਨੇ ਥੋਪਣ ਦੀ ਬਜਾਏ ਕਿਸਾਨਾਂ ਨੂੰ ਸਬਸਿਡੀ, ਕਿਸਾਨਾਂ ਲਈ ਇਸ ਰਹਿੰਦ ਖੂਹੰਦ ਦੀ ਸਾਂਭ ਸੰਭਾਲ ਵਾਲੀ ਮਸ਼ੀਨਰੀ ਮੁਹੱਈਆ ਕਾਰਵਾਈ ਜਾਵੇ। ਸਰਕਾਰ ਵੱਲੋਂ ਫ਼ਸਲੀ ਰਹਿੰਦ ਖੂਹੰਦ ਨਸ਼ਟ ਕਰਨ ਵਾਲੀਆਂ ਸੁਪਰ ਸੀਡਰ ਮਸ਼ੀਨਾਂ ਲਈ ਕਿਸਾਨਾਂ ਨੂੰ ਸਹਿਕਾਰੀ ਸਭਾਵਾਂ ਰਾਹੀਂ ਮਸ਼ੀਨਾਂ ਉਪਲੱਬਧ ਕਰਵਾਉਣ ਅਤੇ ਮਸ਼ੀਨਰੀ ਸੇਵਾ ਸੈਂਟਰਾਂ ਨੂੰ ਸਥਾਪਿਤ ਕਰਨਾ ਚਾਹੀਦਾ ਹੈ ਤਾਂ ਜੋ ਕਿਸਾਨ ਨਾੜ ਜਾਂ ਪਰਾਲੀ ਦੀ ਸਿਰਦਰਦੀ ਤੋਂ ਬੋਝ ਮੁਕਤ ਹੋਣ ਅਤੇ ਵਾਤਾਵਰਨ ਦੀ ਸ਼ੁੱਧਤਾ ਲਈ ਵੀ ਲਾਭਦਾਇਕ ਸਿੱਧ ਹੋ ਸਕੇਗਾ। ਹਰੇਕ ਪਿੰਡ ਉੱਪਰ ਨਾੜ ਨੂੰ ਅੱਗ ਲਾਉਣ ਤੋਂ ਬਚਾਉਣ ਲਈ ਖੇਤੀਬਾੜੀ ਵਿਭਾਗ ਵੱਲੋਂ ਇੱਕ ਨਜ਼ਰਸਾਨੀ ਲਈ ਕਰਮਚਾਰੀ ਨਿਯੁਕਤ ਕੀਤੇ ਜਾਣ ਤਾਂ ਜੋ ਕਿਸਾਨਾਂ ਨੂੰ ਸਹੀ ਸਮੇਂ ਤੇ ਸਰਕਾਰੀ ਮਸ਼ੀਨਰੀ ਉਪਲਬਧ ਕਰਵਾ ਕੇ ਨਾੜ ਦਾ ਨਿਪਟਾਰਾ ਕਰਵਾਉਣ ਵਿੱਚ ਮਦਦ ਕਰਨ। ਸਰਕਾਰੀ ਸਹਾਇਤਾ ਨਾਲ ਕਿਸਾਨ ਨਾੜ ਨੂੰ ਅੱਗ ਲਗਾਉਣੀ ਬੰਦ ਕਰੇਗਾ ਹੀ ਕਰੇਗਾ ਕਿਉਂ ਕਿ ਇਸ ਤਰ੍ਹਾਂ ਉਹ ਆਪਣੇ ਆਪ ਨੂੰ ਵਾਧੂ ਬੋਝ ਤੋਂ ਮੁਕਤ ਸਮਝਣਗੇ। ਇਸ ਤਰ੍ਹਾਂ ਕਰਨ ਨਾਲ ਪ੍ਰਕਿਰਤੀ ਅਤੇ ਬਨਸਪਤੀ ਨੂੰ ਹੋਣ ਵਾਲੇ ਨੁਕਸਾਨਾਂ ਤੋਂ ਬਚਾਇਆ ਜਾ ਸਕੇਗਾ ਅਤੇ ਨਿੱਤ ਦਿਹਾੜੇ ਗਹਿਰੇ ਧੂੰਏਂ ਕਾਰਨ ਵਾਪਰ ਰਹੀਆਂ ਦਰਦਨਾਕ ਘਟਨਾਵਾਂ ਨੂੰ ਠੱਲ੍ਹ ਪਵੇਗੀ।



ਬਰਜਿੰਦਰ ਕੌਰ ਬਿਸਰਾਓ...
9988901324

# ਪੰਜਾਬ ਦੇ ਮੁਲਾਜ਼ਮ: ਬਦਲਾਅ ਦੀ ਉਮੀਦ ਤੋਂ ਵਾਅਦਾ-ਖਿਲਾਫ਼ੀ ਦੇ ਰੋਸ ਤੱਕ

ਕਿਸੇ ਵੀ ਲੋਕਤੰਤਰੀ ਰਾਜ ਦੇ ਵਿਕਾਸ ਦੀ ਗੱਡੀ ਨੂੰ ਲੀਹ 'ਤੇ ਰੱਖਣ ਲਈ ਸਰਕਾਰੀ ਮੁਲਾਜ਼ਮ ਇੱਕ ਇੰਜਣ ਵਾਂਗ ਕੰਮ ਕਰਦੇ ਹਨ। ਸੂਬਾ ਸਰਕਾਰ ਦੀਆਂ ਨੀਤੀਆਂ ਚਾਹੇ ਕਿੰਨੀਆਂ ਵੀ ਵਧੀਆ ਕਿਉਂ ਨਾ ਹੋਣ ਜੇਕਰ ਉਨ੍ਹਾਂ ਨੂੰ ਲਾਗੂ ਕਰਨ ਵਾਲਾ ਮੁਲਾਜ਼ਮ ਵਰਗ ਸੰਤੁਸ਼ਟ ਨਹੀਂ ਹੈ ਤਾਂ ਉਹ ਨੀਤੀਆਂ ਕਦੇ ਵੀ ਸਫਲ ਨਹੀਂ ਹੋ ਸਕਦੀਆਂ। ਅੱਜ ਪੰਜਾਬ ਦਾ ਸਰਕਾਰੀ ਮੁਲਾਜ਼ਮ ਇੱਕ ਅਜਿਹੇ ਮੋੜ 'ਤੇ ਖੜ੍ਹਾ ਹੈ ਜਿੱਥੇ ਉਸ ਨੂੰ ਆਪਣੇ ਹੱਕਾਂ ਲਈ ਸੜਕਾਂ 'ਤੇ ਉਤਰ ਕੇ ਲਗਾਤਾਰ ਸੰਘਰਸ਼ ਕਰਨਾ ਪੈ ਰਿਹਾ ਹੈ। ਪਿਛਲੇ ਕੁਝ ਸਾਲਾਂ ਵਿੱਚ ਮੁਲਾਜ਼ਮਾਂ ਦੀ ਆਰਥਿਕ ਅਤੇ ਸਮਾਜਿਕ ਸੁਰੱਖਿਆ ਨੂੰ ਲੈ ਕੇ ਸੂਬਾ ਸਰਕਾਰਾਂ ਦਾ ਜੋ ਵਤੀਰਾ ਰਿਹਾ ਹੈ ਉਹ ਬੇਹੱਦ ਨਿਰਾਸ਼ਾਜਨਕ ਹੈ।

ਸਭ ਤੋਂ ਪਹਿਲਾਂ ਗੱਲ ਕਰਦੇ ਹਾਂ 2020 ਤੋਂ ਬਾਅਦ ਲਾਗੂ ਕੀਤੇ ਗਏ ਕੇਂਦਰੀ ਤਨਖਾਹ ਸਕੇਲਾਂ ਦੀ। 17 ਜੁਲਾਈ 2020 ਨੂੰ ਲਏ ਗਏ ਫੈਸਲੇ ਨੇ ਪੰਜਾਬ ਦੇ ਨਵੇਂ ਭਰਤੀ ਹੋਣ ਵਾਲੇ ਨੌਜਵਾਨਾਂ ਦੇ ਭਵਿੱਖ ਨਾਲ ਇੱਕ ਵੱਡਾ ਖਿਲਵਾੜ ਕੀਤਾ ਹੈ। ਪੰਜਾਬ ਦੇ ਆਪਣੇ ਵਧੀਆ ਸਕੇਲਾਂ ਨੂੰ ਖਤਮ ਕਰਕੇ ਕੇਂਦਰੀ ਸਕੇਲ ਥੋਪਣ ਨਾਲ ਮੁਲਾਜ਼ਮਾਂ ਦੀਆਂ ਤਨਖਾਹਾਂ ਵਿੱਚ ਵੱਡੀ ਕਟੌਤੀ ਹੋ ਗਈ ਹੈ। ਅੱਜ ਦੇ ਮਹਿੰਗਾਈ ਦੇ ਦੌਰ ਵਿੱਚ ਜਦੋਂ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਦੇ ਭਾਅ ਅਸਮਾਨੀ ਚੜ੍ਹੇ ਹੋਏ ਹਨ, ਉੱਥੇ ਇੱਕ ਪੜ੍ਹੇ-ਲਿਖੇ ਨੌਜਵਾਨ ਮੁਲਾਜ਼ਮ ਨੂੰ ਨਿਗੂਣੀ ਤਨਖਾਹ ਦੇਣਾ ਉਸ ਦੀ ਯੋਗਤਾ ਦਾ ਅਪਮਾਨ ਹੈ। ਇਸ ਦੇ ਨਾਲ ਹੀ ਠੇਕਾ ਪ੍ਰਣਾਲੀ ਅਤੇ ਨਿਜੀਕਰਨ ਦੀਆਂ ਨੀਤੀਆਂ ਨੇ ਰੁਜ਼ਗਾਰ ਦੀ ਸੁਰੱਖਿਆ ਨੂੰ ਵੀ ਖਤਮ ਕਰ ਦਿੱਤਾ ਹੈ।

ਮੁਲਾਜ਼ਮਾਂ ਦੀ ਆਰਥਿਕਤਾ 'ਤੇ ਇੱਕ ਹੋਰ ਵੱਡੀ ਸੱਟ ਸਰਕਾਰ ਵੱਲੋਂ ਕਈ ਤਰ੍ਹਾਂ ਦੇ ਭੱਤੇ ਕੱਟ ਕੇ ਮਾਰੀ ਗਈ ਹੈ। ਪੇਂਡੂ ਖੇਤਰਾਂ ਵਿੱਚ ਸੇਵਾਵਾਂ ਨਿਭਾਉਣ ਵਾਲੇ ਮੁਲਾਜ਼ਮਾਂ ਨੂੰ ਮਿਲਣ ਵਾਲਾ 'ਪੇਂਡੂ ਭੱਤਾ' (ਰਓਲ ਅਲਲੋਾਓਨਚਏ) ਬੰਦ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਸਫਰੀ ਭੱਤਾ (ਠਰਓਵਏਲਿਨਗ ਅਲਲੋਾਓਨਚਏ) ਅਤੇ ਹੋਰ ਕਈ ਮਹੱਤਵਪੂਰਨ ਭੱਤਿਆਂ 'ਤੇ ਕੈਂਚੀ ਚਲਾਈ ਗਈ ਹੈ। ਇਹ ਭੱਤੇ ਕੋਈ ਵਾਧੂ ਸਹੂਲਤ ਨਹੀਂ ਸਨ ਬਲਕਿ ਮੁਲਾਜ਼ਮਾਂ ਵੱਲੋਂ ਆਪਣੀ ਡਿਊਟੀ ਦੌਰਾਨ ਕੀਤੇ ਜਾਣ ਵਾਲੇ ਖਰਚਿਆਂ ਦੀ ਪੂਰਤੀ ਕਰਦੇ ਸਨ। ਇਨ੍ਹਾਂ ਭੱਤਿਆਂ ਦੇ ਕੱਟੇ ਜਾਣ ਨਾਲ ਮੁਲਾਜ਼ਮਾਂ ਦੀ ਮਾਸਿਕ ਆਮਦਨ ਵਿੱਚ ਭਾਰੀ ਗਿਰਾਵਟ ਆਈ ਹੈ, ਜਿਸ ਕਾਰਨ ਉਹ ਆਰਥਿਕ ਤੰਗੀ ਦਾ ਸਾਹਮਣਾ ਕਰ ਰਹੇ ਹਨ।

ਮਹਿੰਗਾਈ ਭੱਤੇ (ਡੀ.ਏ.) ਦੀਆਂ ਬਕਾਇਆ ਕਿਸ਼ਤਾਂ ਦਾ ਮੁੱਦਾ ਵੀ ਸਰਕਾਰ ਦੀ ਬਦਨੀਤੀ ਨੂੰ ਸਾਫ਼ ਜ਼ਾਹਰ ਕਰਦਾ ਹੈ। ਡੀ.ਏ. ਕੋਈ ਖੈਰਾਤ ਨਹੀਂ ਹੈ, ਬਲਕਿ ਇਹ ਮਹਿੰਗਾਈ ਦੇ ਅਨੁਪਾਤ ਵਿੱਚ ਮੁਲਾਜ਼ਮਾਂ ਨੂੰ ਮਿਲਣ ਵਾਲਾ ਇੱਕ ਜਾਇਜ਼ ਹੱਕ ਹੈ। ਮੁਲਾਜ਼ਮਾਂ ਨੇ ਆਪਣੇ ਇਸ ਹੱਕ ਲਈ ਹਾਈ ਕੋਰਟ ਤੱਕ ਦੀ ਸ਼ਰਨ ਲਈ ਅਤੇ ਉੱਥੇ ਕੇਸ ਵੀ ਜਿੱਤਿਆ। ਮਾਨਯੋਗ ਅਦਾਲਤ ਨੇ ਸਪੱਸ਼ਟ ਹੁਕਮ ਦਿੱਤੇ ਕਿ ਮੁਲਾਜ਼ਮਾਂ ਦਾ ਬਕਾਇਆ ਜਾਰੀ ਕੀਤਾ ਜਾਵੇ, ਪਰ ਸਰਕਾਰ ਅਦਾਲਤੀ ਫੈਸਲਿਆਂ ਨੂੰ ਵੀ ਲਾਗੂ ਨਹੀਂ ਕਰ ਰਹੀ। ਜਦੋਂ ਸਰਕਾਰ ਕੋਲ ਵੱਡੇ-ਵੱਡੇ ਸਮਾਗਮਾਂ ਅਤੇ ਸਿਆਸੀ ਪ੍ਰਚਾਰ ਲਈ ਫੰਡ ਹੁੰਦੇ ਹਨ ਬੇ ਵੀਤਾਂ ਮੁਲਾਜ਼ਮਾਂ ਦੇ ਬਕਾਏ ਵੇਲੇ ਖਜ਼ਾਨਾ ਖਾਲੀ ਹੋਣ ਦਾ ਬਹਾਨਾ ਲਗਾਉਣਾ ਕਿਸੇ ਵੀ ਤਰ੍ਹਾਂ ਤਰਕਸੰਗਤ ਨਹੀਂ ਹੈ।

ਪੰਜਾਬ ਵਿੱਚ ਮੌਜੂਦਾ 'ਬਦਲਾਅ' ਵਾਲੀ ਸਰਕਾਰ ਲਿਆਉਣ ਵਿੱਚ ਸਰਕਾਰੀ ਮੁਲਾਜ਼ਮਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੇ ਬਹੁਤ ਵੱਡੀ ਭੂਮਿਕਾ ਨਿਭਾਈ ਸੀ। ਰਵਾਇਤੀ ਪਾਰਟੀਆਂ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਤੋਂ ਅੱਕੇ ਹੋਏ ਲੋਕਾਂ ਨੇ ਇਸ ਨਵੀਂ ਸਰਕਾਰ 'ਤੇ ਵੱਡੀ ਉਮੀਦ ਜਤਾਈ ਸੀ। ਮੁਲਾਜ਼ਮਾਂ ਨੇ ਸਿਰਫ਼ ਵੋਟ ਹੀ ਨਹੀਂ ਪਾਈ, ਸਗੋਂ ਦਿਨ-ਰਾਤ ਇੱਕ ਕਰਕੇ ਇਸ ਬਦਲਾਅ ਲਈ ਪ੍ਰਚਾਰ ਵੀ ਕੀਤਾ ਸੀ। ਉਨ੍ਹਾਂ ਨੂੰ ਲੱਗਦਾ ਸੀ ਕਿ ਨਵੀਂ ਸਰਕਾਰ ਆਉਂਦਿਆਂ ਹੀ ਪੁਰਾਣੀ ਪੈਨਸ਼ਨ ਬਹਾਲ ਕਰੇਗੀ, ਕੇਂਦਰੀ ਸਕੇਲ ਰੱਦ ਕਰੇਗੀ ਅਤੇ ਕੱਚੇ ਮੁਲਾਜ਼ਮਾਂ ਨੂੰ ਤੁਰੰਤ ਪੱਕਾ ਕਰੇਗੀ। ਪਰ ਅੱਜ ਸਥਿਤੀ ਇਹ ਹੈ ਕਿ ਮੁਲਾਜ਼ਮ ਆਪਣੇ ਆਪ ਨੂੰ ਸਭ ਤੋਂ ਵੱਧ ਨਿਰਾਸ਼ ਅਤੇ ਠਗਿਆ ਹੋਇਆ ਮਹਿਸੂਸ ਕਰ ਰਹੇ ਹਨ।

ਪੁਰਾਣੀ ਪੈਨਸ਼ਨ ਸਕੀਮ (ਫਸ਼) ਦੀ ਬਹਾਲੀ ਮੁਲਾਜ਼ਮਾਂ ਲਈ ਬੁਢਾਪੇ ਦੀ ਸੁਰੱਖਿਆ ਦਾ ਮੁੱਦਾ ਹੈ। 2004 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਲਈ ਨਵੀਂ ਪੈਨਸ਼ਨ ਸਕੀਮ ਸਿਰਫ਼ ਇੱਕ ਮਜ਼ਾਕ ਸਾਬਤ ਹੋ ਰਹੀ ਹੈ। ਸਾਰੀ ਉਮਰ ਰਾਜ ਦੀ ਸੇਵਾ ਕਰਨ ਵਾਲਾ ਮੁਲਾਜ਼ਮ ਜਦੋਂ ਸੇਵਾ-ਮੁਕਤ ਹੁੰਦਾ ਹੈ, ਤਾਂ ਉਸ ਕੋਲ ਆਪਣਾ ਗੁਜ਼ਾਰਾ ਕਰਨ ਲਈ ਕੋਈ ਪੱਕੀ ਆਮਦਨ ਨਹੀਂ ਹੁੰਦੀ। ਜਦਕਿ ਰਾਜਨੇਤਾ ਖ਼ੁਦ ਇੱਕ ਤੋਂ ਵੱਧ ਪੈਨਸ਼ਨਾਂ ਲੈ ਰਹੇ ਹਨ। ਇਹ ਦੋਹਰਾ ਮਾਪਦੰਡ ਮੁਲਾਜ਼ਮਾਂ ਵਿੱਚ ਭਾਰੀ ਗੁੱਸੇ ਦਾ ਕਾਰਨ ਬਣ ਰਿਹਾ ਹੈ। ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਪੁਰਾਣੀ ਪੈਨਸ਼ਨ ਬਹਾਲ ਕਰਨ ਦੀ ਗਾਰੰਟੀ ਦਿੱਤੀ ਸੀ, ਪਰ ਅੱਜ ਉਹ ਗਾਰੰਟੀ ਕਿਤੇ ਗੁਆਚ ਗਈ ਲੱਗਦੀ ਹੈ।

ਅੱਜ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਮੁਲਾਜ਼ਮ ਜਥੇਬੰਦੀਆਂ ਵੱਲੋਂ ਧਰਨੇ ਅਤੇ ਰੈਲੀਆਂ ਕੀਤੀਆਂ ਜਾ ਰਹੀਆਂ ਹਨ। ਕਲਮ-ਛੋੜ ਹੜਤਾਲਾਂ ਕਾਰਨ ਸਰਕਾਰੀ ਦਫ਼ਤਰਾਂ ਵਿੱਚ ਕੰਮ ਠੱਪ ਪਿਆ ਹੈ, ਜਿਸ ਦਾ ਸਿੱਧਾ ਨੁਕਸਾਨ ਆਮ ਜਨਤਾ ਨੂੰ ਹੋ ਰਿਹਾ ਹੈ। ਪਰ ਸਰਕਾਰ ਮੁਲਾਜ਼ਮਾਂ ਦੀ ਗੱਲ ਸੁਣਨ ਦੀ ਬਜਾਏ ਉਨ੍ਹਾਂ ਨੂੰ ਅਣਗੌਲਿਆ ਕਰ ਰਹੀ ਹੈ। ਇਹ ਸਮਝਣਾ ਜ਼ਰੂਰੀ ਹੈ ਕਿ ਮੁਲਾਜ਼ਮਾਂ ਦੀ ਨਾਰਾਜ਼ਗੀ ਸੂਬੇ ਦੇ ਪ੍ਰਸ਼ਾਸਨਿਕ ਢਾਂਚੇ ਨੂੰ ਕਮਜ਼ੋਰ ਕਰ ਸਕਦੀ ਹੈ। ਜਦੋਂ ਰੀੜ੍ਹ ਦੀ ਹੱਡੀ ਮੰਨਿਆ ਜਾਣ ਵਾਲਾ ਕੰਮ ਕਰਨ ਵਾਲਾ ਵਰਗ ਹੀ ਖੁਸ਼ ਨਹੀਂ ਹੋਵੇਗਾ ਤਾਂ ਸੂਬੇ ਦੀ ਤਰੱਕੀ ਦੀ ਰਫ਼ਤਾਰ ਸੁਸਤ ਹੋ ਜਾਵੇਗੀ।

ਸਿੱਟੇ ਵਜੋਂ, ਸਰਕਾਰ ਨੂੰ ਚਾਹੀਦਾ ਹੈ ਕਿ ਉਹ ਆਪਣੀ ਜ਼ਿੱਦ ਤਿਆਗ ਕੇ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਵੱਲ ਧਿਆਨ ਦੇਵੇ। ਹਾਈ ਕੋਰਟ ਦੇ ਫੈਸਲਿਆਂ ਦਾ ਸਨਮਾਨ ਕਰਦਿਆਂ ਡੀ.ਏ. ਦਾ ਬਕਾਇਆ ਜਾਰੀ ਕੀਤਾ ਜਾਵੇ, ਕੱਟੇ ਗਏ ਪੇਂਡੂ, ਸਫਰੀ ਅਤੇ ਹੋਰ ਭੱਤੇ ਮੁੜ ਬਹਾਲ ਕੀਤੇ ਜਾਣ, 2020 ਦੇ ਕਾਲੇ ਫੈਸਲੇ ਨੂੰ ਰੱਦ ਕਰਕੇ ਪੰਜਾਬ ਸਕੇਲ ਬਹਾਲ ਕੀਤੇ ਜਾਣ ਅਤੇ ਪੁਰਾਣੀ ਪੈਨਸ਼ਨ ਨੂੰ ਅਸਲੀਅਤ ਵਿੱਚ ਲਾਗੂ ਕੀਤਾ ਜਾਵੇ। ਜੇਕਰ ਸਰਕਾਰ ਨੇ ਜਲਦੀ ਕੋਈ ਠੋਸ ਕਦਮ ਨਾ ਚੁੱਕਿਆ, ਤਾਂ ਜਿਸ ਮੁਲ-ਾਜ਼ਮ ਵਰਗ ਨੇ ਇਸ ਬਦਲਾਅ ਦੀ ਨੀਂਹ ਰੱਖੀ ਸੀ, ਉਹੀ ਵਰਗ ਇਸ ਸਰਕਾਰ ਲਈ ਭਵਿੱਖ ਵਿੱਚ ਵੱਡੀ ਚੁਣੌਤੀ ਬਣ ਕੇ ਖੜ੍ਹਾ ਹੋਵੇਗਾ। ਲੋਕਤੰਤਰ ਵਿੱਚ ਵਾਅਦਾ-ਖਿਲਾਫ਼ੀ ਦਾ ਜਵਾਬ ਹਮੇਸ਼ਾ ਜਨਤਾ ਦੀ ਕਚਹਿਰੀ ਵਿੱਚ ਮਿਲਦਾ ਹੈ।



ਚਾਨਣਦੀਪ ਸਿੰਘ ਔਲਖ, ਪਿੰਡ ਗੁਰਨੇ ਖ਼ੁਰਦ (ਮਾਨਸਾ), ਸੰਪਰਕ 9876888177

# ਉਦਾਸੀ ਕਦੋਂ ਖਤਮ ਹੋਵੇਗੀ

ਅਸੀ ਕਦੇ ਨਹੀ ਸੋਚਿਆਂ ਕਿ ਦੁਨੀਆਂ ਦੀ ਪਹਿਲੀ ਸਵੇਰ ਕਿਸ ਤਰਾਂ ਦੀ ਹੋਵੇਗੀ?ਜਦੋਂ ਹਨ੍ਹੇਰਾ ਪਹਿਲੀ ਵਾਰ ਅਲੱਗ ਹੋਇਆ ਅਤੇ ਰੌਸ਼ਨੀ ਧਰਤੀ ਨੂੰ ਛੂਹ ਗਈ ਤਾਂ ਪੰਛੀਆਂ ਨੇ ਕੋਈ ਕੋਡ,ਭਾਸ਼ਾਂ,ਸੰਕੇਤ ਜਾਂ ਪਾਸਵਰਡ ਵਰਤਿਆ ਹੋਵੇਗਾ?ਸ਼ਾਇਦ ਕੋਈ ਨਹੀ।ਇਹ ਇਕ ਮੁੱਢਲੀ ਚਰਚਾ ਦਾ ਵਿਸ਼ਾਂ ਹੋਣਾ ਚਾਹੀਦਾ ਹੈ।ਜਿਵੇ ਕਿ ਇੱਕ ਬੱਚੇ ਨੇ ਪਹਿਲੀ ਵਾਰ ਆਪਣੀਆਂ ਅੱਖਾਂ ਖੋਲੀਆ ਅਤੇ ਮਹਿਸੂਸ ਕੀਤਾ ਕਿ ਦੁਨੀਆਂ ਕੋਈ ਠੋਸ ਵਸਤੂ ਨਹੀ ਹੈ,ਬਲਕਿ ਰੌਸ਼ਨੀ ਦਾ ਇਕ ਤਰਲ ਵਿਸਥਾਰ ਹੈ।ਜੇਕਰ ਅਸੀ ਕਿਸੇ ਦੇ ਕੰਮ ਤੇ ਝਾਤ ਮਾਰੀਏ ਤਾਂ ਸਵੇਰ ਇਕ ਖਿੜਕੀ ਹੋਵੇਗੀ ਜੋ ਬਿੰਨਾਂ ਕੰਧ ਦੇ ਵੀ ਖੁੱਲਦੀ ਹੈ,ਇਕ ਇੱਕ ਐਸਾ ਸ਼ਬਦ ਹੈ ਜਿਸ ਨੂੰ ਬੋਲਣ ਲਈ ਪਲਕਾਂ ਦੇ ਝਪਕਣ ਦੀ ਲੋੜ ਹੁੰਦੀ ਹੈ,ਜੀਭ ਦੀ ਨਹੀ,ਸੁਣਨ ਵਾਸਤੇ ਕੰਨ ਹੁੰਦੇ ਹਨ,ਬੋਲਣ ਵਾਸਤੇ ਜ਼ੁਬ-ਾਨ ਹੈ। ਸਵੇਰ ਕੋਈ ਘਟਨਾ ਨਹੀ ਹੈ।ਇਹ ਥਕਾਵਟ ਵਾਲੀ ਰਾਤ ਤੋਂ ਬਾਅਦ ਭਾਸ਼ਾਂ ਦਾ ਪ੍ਰਯੋਗ ਹੈ।ਸਵੇਰ ਭਾਸ਼ਾਂ ਦਾ ਸੱਭ ਤੋਂ ਵੱਡਾ ਸ਼ਬਦ ਹੈ।ਇਹ ਰਾਤ ਦੀ ਵਿਸ਼ਾਲ ਸ਼ਬਦਾਵਲੀ ਨੂੰ ਛਾਂਟਦਾ ਹੈ,ਇਸ ਨੂੰ ਸੌਖਾ ਅਤੇ ਸਮਝਣ ਯੋਗ ਬਣਾਉਦਾ ਹੈ।ਜਿੱਥੇ ਰਾਤ ਵਿਸ਼ੇਸ਼ਣਾਂ ਦਾ ਬੋਝ ਹੈ ਉਥੇ ਸਵੇਰ ਇਕ ਸਪੱਸ਼ਟ ਕਿਰਿਆ ਹੈ।ਜਿਵੇਂ ਘੁਮਿਆਰ ਪਹੀਏ ਨੂੰ ਘੁੰਮਾਉਣ ਤੋਂ ਪਹਿਲਾਂ ਮਿੱਟੀ ਨੂੰ ਤਿਆਰ ਕਰਦਾ ਹੈ,ਸਵੇਰਾ ਸਾਡੇ ਆਪਣੇ ਆਪ ਨੂੰ ਪਿਆਰ ਕਰਦਾ ਹੈ।ਸਾਨੂੰ ਇਹ ਦੱਸਦਾ ਹੈ ਕਿ ਹੱਥ ਸਿਰਫ਼ ਭਾਰ ਚੁੱਕਣ ਲਈ ਨਹੀ ਬਣਾਏ ਗਏ,ਸਗੋਂ ਦੁਨੀਆਂ ਨੂੰ ਇਕ ਨਵਾਂ ਆਕਾਰ ਬਣਾਉਣ ਲਈ ਦਿੱਤੇ ਗਏ ਹਨ।ਜਦੋਂ ਵਿਚਾਰਾਂ ਦੀ ਤਰੇਲ ਦ੍ਰਿੜਤਾ ਦੀ ਧੁੱਪ ਨਾਲ ਮਿਲਦੀ ਹੈ ਤਾਂ ਕਰਮਾਂ ਦਾ ਫ਼ਲ ਉਦੋਂ ਹੀ ਤਿਆਰ ਹੁੰਦਾ ਹੈ। ਸੂਫੀ ਸੰਤ ਸਵੇਰ ਦੀ ਹਵਾ ਨੂੰ ਅਧਿਆਤਮਕ ਗੁਰ ਮੰਨਦੇ ਸਨ।ਉਹ ਕਹਿੰਦੇ ਹਨ ਕਿ ਸਵੇਰ ਦੀ ਹਵਾ ਵਿੱਚ ਤੁਹਾਨੂੰ ਦੱਸਣ ਲਈ ਕੁੱਝ ਰਾਜ ਛੁੱਪੇ ਹੋਏ ਹਨ।ਵਾਪਸ ਸੌਣ ਨਾ ਜਾਓ,ਉਸ ਦਰਵਾਜੇ ਤੇ ਦਸਤਕ ਦੇਣੀ ਚਾਹੀਦੀ ਹੈ,ਜਿੱਥੇ ਆਤਮਾ ਤੇ ਸੰਸਾਰ ਦਾ ਮਿਲਣ ਹੁੰਦਾ ਹੈ।"ਜਿਬਰਾਨ ਨੇ ਸਵੇਰ ਨੂੰ ਕੁਦਰਤ ਦੇ ਸੰਗੀਤ ਵਜੋਂ ਦੇਖਿਆ, ਸਵੇਰ ਦਾ ਦਿਲ ਤਰੇਲ ਦੀਆਂ ਬੂੰਦਾਂ ਵਿੱਚ ਧੜਕਦਾ ਹੈ।"ਜੇ ਤੁਸੀ ਸਵੇਰ ਦੀ ਸੁੰਦਰਤਾ ਨਹੀ ਦੇਖ ਸਕਦੇ,ਤਾਂ ਸਮਝੋਂ ਕਿ ਤੁਸੀ ਜਿੰਦਗੀ ਦਾ ਸੱਭ ਤੋਂ ਨਾਜ਼ੁਕ ਸ਼ਬਦ ਗੁਆ ਦਿੱਤਾ ਹੈ।ਦੁਨੀਆਂ ਭਰ ਦੇ ਸਾਰੇ ਸੰਤ ਰੂਪੀ ਮੂਲ ਰੂਪ ਵਿੱਚ ਇੱਕ ਗੱਲ ਸਾਂਝੀ ਕਰਦੇ ਹਨ ਕਿ ਸਵੇਰ ਹੁੰਦੀ ਨਹੀ ਸਵੇਰ ਬਣਾਉਣੀ ਪੈਦੀ ਹੈ।ਇਹ ਰਾਤ ਦੀ ਹਾਰ ਨਹੀ ਹੈ,ਬਲਕਿ ਰੌਸ਼ਨੀ ਦੀ ਜਿਲੱਦ ਹੈ,ਜੋ ਹਰ ਰੋਜ਼ ਨਾਹ ਤੋਂ ਸ਼ੁਰੂ ਹੁੰਦੀ ਹੈ।ਇਹ ਮਿਹਨਤ ਦੀ ਸੁੰਦਰਤਾ ਦਾ ਦੁਆਰ ਹੈ ਜਿੱਥੇ ਹੱਥ ਅਤੇ ਵਿਚਾਰ ਇਕ ਸੁਰ ਵਿੱਚ ਮਿਲਦੇ ਹਨ। ਉਦਾਸੀ ਦਾ ਉਹ ਪੱਥਰੀਲਾ ਵਹਾਅ,ਜੋ ਸਾਰੀ ਰਾਤ ਆਪਣੇ ਹੀ ਵਹਾਅ ਵਿੱਚ ਪੱਥਰਾਂ ਨੂੰ ਲੈ ਕੇ ਚੱਲਦਾ ਹੈ,ਸਵੇਰ ਵੇਲੇ ਨਦੀ ਵਿੱਚ ਡੁੱਬ ਜਾਂਦਾ ਹੈ।ਏਥੇ ਡੁੱਬਣ ਦਾ ਅਰਥ ਖਤਮ ਹੋਣਾ ਨਹੀ ਹੈ,ਬਲਕਿ ਆਪਣੇ ਆਪ ਵਿੱਚ ਲੀਨ ਹੋਣਾ ਹੈ।ਉਤਰ ਪੁਰਾਣੇ ਸਮੇਂ ਵਿੱਚ ,ਜਿੱਥੇ ਅਸੀ ਸਾਰੇ ਆਪਣੀ ਉਦਾਸੀ ਦੇ ਸਵੈ-ਇੱਕਲਤਾ ਵਿੱਚ ਬੰਦ ਹੁੰਦੇ ਹਾਂ,ਸਵੇਰ ਸਾਨੂੰ ਯਾਦ ਦਿਵਾਉਦੀ ਹੈ ਕਿ ਮੈਂ ਪਾਣੀ ਹਾਂ।ਪਾਣੀ ਦਾ ਸੁਭਾਅ ਵਹਿਣਾ ਹੁੰਦਾ ਹੈ,ਪਿਆਸ ਵਾਂਗ ਇੱਕ ਥਾਂ 'ਤੇ ਟਿੱਕਣਾ ਨਹੀ ਹੁੰਦਾ। ਅੱਜ ਕਲ ਸਵੇਰ ਦਾ ਮਤਲਬ ਬਦਲ ਗਿਆ ਹੈ।ਸਵੇਰ ਦਾ ਮਤਲਬ ਸਿਰਫ਼ ਸੂਰਜ ਚੜਣਾ ਹੀ ਨਹੀ ਹੈ,ਬਲਕਿ ਅੱਜ ਕਲ ਸਵੇਰ ਸਮਾਰਟਫੋਨ ਸੂਚਨਾਵਾਂ ਨਾਲ ਸ਼ੁਰੂ ਹੁੰਦੀ ਹੈ।ਸਾਡੀਆਂ ਖਿੜਕੀਆਂ ਹੁਣ ਪਿਕਸਲ ਬਣ ਗਈਆਂ ਹਨ ਕੱਚ ਦੀਆਂ ਨਹੀ।ਅੱਜ ਦੇ ਸ਼ੋਰ-ਸ਼ਰਾ-ਬੇ ਨੇ ਸ਼ਾਤੀ ਨੂੰ ਬਿਲਕੁਲ ਖਤਮ ਕਰ ਦਿੱਤਾ ਹੈ? ਸ਼ਇਦ ਇਹ ਨਹੀ ਹੋ ਸਕਦਾ।ਸਵੇਰ ਅੱਜ ਵੀ ਇਕ ਵਿਰੋਧ ਵਿੱਚ ਗਿਣਿਆ ਗਿਆ ਹੈ।ਉਹ ਮਕੈਨੀਕਲ ਦੁਨੀਆਂ ਦੇ ਵਿਰੁੱਧ ਇੱਕ ਬਗਾਵਤ ਹੈ।ਜਦ ਪੂਰੀ ਦੁਨੀਆ ਡਾਟਾ,ਨਵੀ ਟੈਕਨਾਲੌਜ਼ੀ ਵਿੱਚ ਬਦਲ ਰਹੀ ਹੈ,ਤਾਂ ਸਵੇਰ ਦੀ ਪਹਿਲੀ ਕਿਰਨ ਇੱਕ ਪ੍ਰਤੀਕ ਹੈ ਜਿਸ ਨੂੰ ਕੋਈ ਸਾਫਟਵੇਅਰ ਦੂਹਰਾ ਨਹੀ ਸਕਦਾ। ਸਭਿਆਚਾਰਕ ਦ੍ਰਿਸ਼ਟੀਕੋਣ ਤੋਂ ਸਵੇਰ ਦਾ ਬਹੁਤ ਮਹੱਤਵ ਹੈ।ਇਹ ਉਡੀਕ ਦਾ ਅੰਤ ਹੈ।ਇਸ ਤੋਂ ਸਾਨੂੰ ਸਿਖਿਆ ਮਿਲਦੀ ਹੈ ਕਿ ਉਡੀਕ ਕਦੇ ਵੀ ਵਿਅਰਥ ਨਹੀ ਜਾਂਦੀ।ਸਵੇਰ ਵੀ ਸਾਡੀ ਇੱਕ ਸਾਂਝੀ ਪਛਾਣ ਹੈ,ਇਹ ਕਿਸੇ ਇੱਕ ਦੀ ਨਹੀ ਹੈ।ਇਹ ਧੁੱਪ ਲਈ ਇਕ ਐਸੀ ਚਾਦਰ ਹੈ।ਜਿਸ ਨੂੰ ਪੂਰਾ ਬ੍ਰਹਿਮੰਡ ਉਪਰ ਲੈ ਰਿਹਾ ਹੈ।ਸਵੇਰ ਮਿਹਨਤ ਦਾ ਇਕ ਸੱਦਾ ਹੈ,ਇੱਕ ਅਣਦਿੱਖ ਚਿੱਠੀ ਹੈ,ਜਿਸ ਨੂੰ ਸੂਰਜ ਹਰ ਇੱਕ ਦੇ ਦਰਵਾਜੇ ਤੇ ਛੱਡਦਾ ਹੈ,ਇਹ ਲਿਖਦਾ ਹੈ ਕਿ ਦੁਨੀਆ ਅਜੇ ਖਤਮ ਨਹੀ ਹੋਈ ਹੈ,ਇਸ ਨੂੰ ਤੁਸੀ ਅੱਜ ਵੀ ਥੋੜਾ-ਥੋੜਾ ਕਰਕੇ ਦੁਬਾਰਾ ਬਣਾ ਸਕਦੇ ਹੋ।

ਕਲਪਨਾ ਕਰੋ ਕਿ ਇੱਕ ਬੁੱਢਾ ਆਦਮੀ ਬਰਾਂਡੇ ਵਿੱਚ ਬੈਠਾ ਅਖਬਾਰ ਪੜ੍ਹ ਰਿਹਾ ਹੈ ਪਰ ਉਸ ਦੀ ਨਿਗ੍ਹਾਹ ਅਖਬਾਰ ਦੇ ਪੰਨੇ ਤੇ ਨਹੀ ਹੈ ਅਤੇ ਇੱਕ ਚਿੜੀ ਤੇ ਹੈ,ਜੋ ਜਮੀਨ ਤੇ ਡਿੱਗੇ ਬਿਸਕੁਟਾਂ ਦੇ ਟੁੱਕੜਿਆਂ ਨੂੰ ਦੇਖ ਰਹੀ ਹੈ।ਇਹ ਦ੍ਰਿਸ਼ ਸੱਚਮੁੱਚ ਸਵੇਰ ਹੈ।ਸਵੇਰ ਦਾ ਅਰਥ ਹੈ ਵਾਪਸੀ। ਸੱਭ ਕੁੱਝ ਵਾਪਸ ਆ ਜਾਂਦਾ ਹੈ।ਅਵਾਜ਼ਾਂ,ਰੰਗ,ਖੁਸ਼ਬੂਆਂ ਅਤੇ ਇਹ ਭਰੋਸਾ ਕਿ ਅਸੀ ਅਜੇ ਵੀ ਜਿਊਦੇ ਹਾਂ। ਉਦਾਸੀ ਆਖਰੀ ਪਲਾਂ ਦਾ ਇੱਕ ਵਿਵਹਾਰ ਹੈ,ਜਿਵੇਂ ਦੀਵੇ ਦੀ ਲਾਟ ਬੁੱਝਣ ਤੋਂ ਪਹਿਲਾਂ ਝੱਪਕਾ ਮਾਰਦੀ ਹੈ,ਉਵੇਂ ਹੀ ਜਿਵੇ ਰਾਤ ਨੂੰ ਲੋਕ ਉਦਾਸ ਰਹੇ ਹੋਣ,ਅਸਲ ਵਿੱਚ ਉਹਨਾਂ ਲੋਕਾਂ ਨੇ ਸਵੇਰ ਲਈ ਜ਼ਮੀਨ ਤਿਆਰ ਕਰ ਲਈ ਹੈ।ਕਾਲੀ ਸਿਆਹੀ ਤੋਂ ਬਿੰਨਾਂ ਚਿੱਟੇ ਕਾਗਜ਼ ਤੇ ਅੱਖਰ ਕਿਵੇਂ ਦਿਖਾਈ ਦੇ ਸਕਦੇ ਹਨ?ਇਸ ਲਈ ਸਵੇਰ ਸਿਰਫ਼ ਰੌਸ਼ਨੀ ਨਹੀ ਹੈ,ਇਹ ਰਾਤ ਦੇ ਸੰਘਰਸ਼ ਦਾ ਪ੍ਰਮਾਣ-ਪੱਤਰ ਹੈ। ਜੇ ਅਸੀ ਕੁੱਝ ਸੁਣਨਾ ਚਾਹੁਦੇ ਹਾਂ ਤਾਂ ਸਾਨੂੰ ਪਿਆਸ ਬਣਨ ਦੀ ਲੋੜ ਨਹੀ ਹੈ,ਕਿਉਕਿ ਪਿਆਸ ਇਕ ਤਰਾਂ ਦਾ ਖਾਲੀਪਣ ਅਤੇ ਘਾਟ ਰੱਖਦੀ ਹੈ।ਅਸੀ ਪਾਣੀ ਬਣਨਾ ਹੈ ਜੋ ਲਚੀਲਾ ਹੈ,ਅਤੇ ਰਸਤਾ ਬਣਾਉਣਾ ਜਾਣਦਾ ਹੈ ਜੋ ਖਤਮ ਹੋਣ ਵਿੱਚ ਵਿਸ਼ਵਾਸ਼ ਰੱਖਦਾ ਹੈ।ਸਵੇਰ ਸਾਨੂੰ ਉਹ ਜਗ੍ਹਾ ਦਿੰਦੀ ਹੈ ਜਿੱਥੇ ਅਸੀ ਆਪਣੀ ਸਖਤ ਹੱਦ ਨੂੰ ਛੱਡ ਸਕਦੇ ਹਾਂ ਅਤੇ ਕੁਦਰਤੀ ਮਨੁੱਖ ਬਣ ਸਕਦੇ ਹਾਂ।ਵਿਅਕਰਣ ਵਿੱਚ ਸਵੇਰ ਦਾ ਸੱਭ ਤੋਂ ਡੂੰਘਾ ਅਰਥ ਹੈ, ਇਹ ਆਰਾਮ ਨਹੀ ਹੈ ਸਗੋਂ ਇਕ ਕੌਮਾ ਹੈ।ਜੋ ਸਾਨੂੰ ਅਗਲੇ ਕਦਮ ਲਈ ਤਿਆਰ ਕਰਦਾ ਹੈ।



**ਅਮਰਜੀਤ ਚੰਦਰ ਲੁਧਿਆਣਾ**

## ਅੱਜ ਦਾ ਇਹਸਾਸ

ਅੱਜ ਦੀ ਵਿਸ਼ਵ ਰਾਜਨੀਤੀ ਸਾਨੂੰ ਇਹੀ ਸਿਖਾਉਂਦੀ ਹੈ ਕਿ "ਸ਼ੇਰ ਵੀ ਮੱਖੀਆਂ ਤੋਂ ਆਪਣੇ ਆਪ ਨੂੰ ਬਚਾਉਂਦਾ ਹੈ।" ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਕਾਰ ਚੱਲ ਰਹੇ ਸੰਘਰਸ਼ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਕਈ ਵਾਰ ਛੋਟੇ ਲੱਗਣ ਵਾਲੇ ਵਿਵਾਦ, ਜੇ ਸਮੇਂ ਸਿਰ ਸੰਭਾਲੇ ਨਾ ਜਾਣ, ਤਾਂ ਵੱਡੇ ਯੁੱਧਾਂ ਦਾ ਰੂਪ ਧਾਰ ਲੈਂਦੇ ਹਨ।

ਅਮਰੀਕਾ ਅਤੇ ਇਜ਼ਰਾਈਲ ਨੇ ਆਪਣੀ ਸੁਰੱਖਿਆ ਲਈ ਕਦਮ ਚੁੱਕੇ, ਜਦਕਿ ਈਰਾਨ ਨੇ ਆਪਣੇ ਅਸਤੀਤਵ ਅਤੇ ਪ੍ਰਭਾਵ ਦੀ ਰੱਖਿਆ ਲਈ ਜਵਾਬ ਦਿੱਤਾ। ਇਹ ਟਕਰਾਅ ਸਿਰਫ਼ ਤਾਕਤ ਦਾ ਪ੍ਰਦਰਸ਼ਨ ਨਹੀਂ, ਸਗੋਂ ਸਾਵਧਾਨੀ, ਰਣਨੀਤੀ ਅਤੇ ਦੂਰਅੰਦੇਸ਼ੀ ਦੀ ਕਸੌਟੀ ਵੀ ਹੈ। ਕੋਈ ਵੀ ਰਾਸ਼ਟਰ ਇੰਨਾ ਸ਼ਕਤੀਸ਼ਾਲੀ ਨਹੀਂ ਕਿ ਉਹ ਛੋਟੇ ਖਤਰਿਆਂ ਨੂੰ ਨਜ਼ਰਅੰਦਾਜ਼ ਕਰ ਸਕੇ।

ਇਸ ਸੰਘਰਸ਼ ਦਾ ਸਭ ਤੋਂ ਵੱਡਾ ਸਬਕ ਇਹ ਹੈ ਕਿ ਬਚਾਅ, ਸੰਯਮ ਅਤੇ ਸਮੇਂ ਸਿਰ ਸੰਵਾਦ ਹੀ ਟਿਕਾਊ ਸ਼ਾਂਤੀ ਦਾ ਰਸਤਾ ਹਨ। ਸਾਵਧਾਨੀ ਕਮਜ਼ੋਰੀ ਨਹੀਂ, ਸਿਆਣਪ ਹੈ; ਅਤੇ ਇਹੀ ਸਿਆਣਪ ਕੌਮਾਂ ਨੂੰ ਯੁੱਧ ਤੋਂ ਬਚਾ ਕੇ ਤਰੱਕੀ ਵੱਲ ਲੈ ਜਾਂਦੀ ਹੈ।



**ਸੁਰਜੀਤ ਸਿੰਘ ਭੁੱਲਰ**

## ਵਿਸ਼ਵ ਮਲੇਰੀਆ ਦਿਵਸ: ਮਲੇਰੀਆ ਜਾਗਰੂਕਤਾ, ਰੋਕਥਾਮ ਅਤੇ ਸਿਹਤ ਵਿਭਾਗ ਦੇ ਯਤਨ

ਵਿਸ਼ਵ ਮਲੇਰੀਆ ਦਿਵਸ ਹਰ ਸਾਲ 25 ਅਪ੍ਰੈਲ ਨੂੰ ਪੂਰੀ ਦੁਨੀਆ ਵਿੱਚ ਮਨਾਇਆ ਜਾਂਦਾ ਹੈ। ਇਸ ਵਿਸ਼ੇਸ਼ ਦਿਨ ਨੂੰ ਮਨਾਉਣ ਦਾ ਮੁੱਖ ਮਨੋਰਥ ਮਲੇਰੀਆ ਵਰਗੀ ਖ਼ਤਰਨਾਕ ਬਿਮਾਰੀ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨਾ ਅਤੇ ਇਸ ਦੇ ਮੁਕੰਮਲ ਖਾਤਮੇ ਲਈ ਕੀਤੇ ਜਾ ਰਹੇ ਯਤਨਾਂ ਨੂੰ ਤੇਜ਼ ਕਰਨਾ ਹੈ। ਮਲੇਰੀਆ ਇੱਕ ਅਜਿਹੀ ਬਿਮਾਰੀ ਹੈ ਜੋ ਸਦੀਆਂ ਤੋਂ ਮਨੁੱਖੀ ਸਿਹਤ ਲਈ ਇੱਕ ਵੱਡੀ ਚੁਣੌਤੀ ਬਣੀ ਹੋਈ ਹੈ। ਹਾਲਾਂਕਿ ਵਿਗਿਆਨ ਅਤੇ ਡਾਕਟਰੀ ਖੇਤਰ ਨੇ ਬਹੁਤ ਤਰੱਕੀ ਕਰ ਲਈ ਹੈ, ਫਿਰ ਵੀ ਵਿਸ਼ਵ ਦੇ ਕਈ ਹਿੱਸਿਆਂ ਵਿੱਚ ਇਹ ਬਿਮਾਰੀ ਅਜੇ ਵੀ ਜਾਨਲੇਵਾ ਸਾਬਤ ਹੋ ਰਹੀ ਹੈ। ਮਲੇਰੀਆ ਇੱਕ ਮਾਦਾ ਐਨੋਫਿਲੀਜ਼ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਜਦੋਂ ਇਹ ਮੱਛਰ ਕਿਸੇ ਸੰਕਰਮਿਤ ਵਿਅਕਤੀ ਨੂੰ ਕੱਟਦਾ ਹੈ, ਤਾਂ ਉਹ ਪਲਾਜ਼ਮੋਡੀਅਮ ਨਾਮਕ ਪਰਜੀਵੀ ਨੂੰ ਆਪਣੇ ਅੰਦਰ ਲੈ ਲੈਂਦਾ ਹੈ ਅਤੇ ਜਦੋਂ ਉਹ ਕਿਸੇ ਸਿਹਤਮੰਦ ਵਿਅਕਤੀ ਨੂੰ ਕੱਟਦਾ ਹੈ, ਤਾਂ ਇਹ ਪਰਜੀਵੀ ਉਸ ਦੇ ਖੂਨ ਵਿੱਚ ਪ੍ਰਵੇਸ਼ ਕਰ ਜਾਂਦਾ ਹੈ। ਇਸ ਬਿਮਾਰੀ ਦੇ ਮੁੱਖ ਲੱਛਣਾਂ ਵਿੱਚ ਤੇਜ਼ ਬੁਖਾਰ, ਕੰਬਣੀ ਲੱਗਣੀ, ਸਿਰ ਦਰਦ, ਉਲਟੀਆਂ ਅਤੇ ਪਸੀਨਾ ਆਉਣਾ ਸ਼ਾਮਲ ਹਨ। ਜੇਕਰ ਸਮੇਂ ਸਿਰ ਇਸ ਦਾ ਇਲਾਜ ਨਾ ਕੀਤਾ ਜਾਵੇ, ਤਾਂ ਇਹ ਗੰਭੀਰ ਰੂਪ ਧਾਰਨ ਕਰ ਸਕਦੀ ਹੈ। ਪੰਜਾਬ ਵਿੱਚ ਮਲੇਰੀਆ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਿਹਤ ਵਿਭਾਗ ਪੰਜਾਬ ਵੱਲੋਂ ਬਹੁਤ ਹੀ ਸ਼ਲਾਘਾਯੋਗ ਕਦਮ ਚੁੱਕੇ ਜਾ ਰਹੇ ਹਨ। ਇਸ ਮੁਹਿੰਮ ਵਿੱਚ ਮਲਟੀਪਰਪਜ ਹੈਲਥ ਵਰਕਰ ਮੇਲ ਦੀ ਭੂਮਿਕਾ ਸਭ ਤੋਂ ਅਹਿਮ ਹੁੰਦੀ ਹੈ। ਇਹ ਸਿਹਤ ਕਰਮੀ ਦਿਨ-ਰਾਤ ਮਿਹਨਤ ਕਰਕੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਲੋਕਾਂ ਦੇ ਘਰਾਂ ਤੱਕ ਪਹੁੰਚ ਕਰਦੇ ਹਨ। ਸਿਹਤ ਵਿਭਾਗ ਪੰਜਾਬ ਤਹਿਤ ਇਹ ਮਲਟੀਪਰਪਜ ਹੈਲਥ ਵਰਕਰ ਮੇਲ ਲੋਕਾਂ ਨੂੰ ਮਲੇਰੀਆ ਤੋਂ ਬਚਾਅ ਲਈ ਜਾਗਰੂਕਤਾ ਜਾਣਕਾਰੀ ਦਿੰਦੇ ਹਨ ਅਤੇ ਸਫਾਈ ਦੇ ਮਹੱਤਵ ਬਾਰੇ ਸਮਝਾਉਂਦੇ ਹਨ। ਮੱਛਰਾਂ ਦੀ ਪੈਦਾਵਾਰ ਨੂੰ ਰੋਕਣ ਲਈ ਇਹ ਸਿਹਤ ਵਰਕਰ ਖਾਸ ਤੌਰ 'ਤੇ ਪਾਣੀ ਦੇ ਸੋਮਿਆਂ ਦੀ ਚੈਕਿੰਗ ਕਰਦੇ ਹਨ। ਉਹ ਘਰਾਂ ਵਿੱਚ ਜਾ ਕੇ ਕੂਲਰਾਂ, ਗਮਲਿਆਂ, ਫਰਿੱਜਾਂ ਦੀਆਂ ਪਿਛਲੀਆਂ ਟ੍ਰੇਆਂ, ਪਾਣੀ ਦੀਆਂ ਟੈਂਕੀਆਂ ਅਤੇ ਟੁੱਟੇ ਹੋਏ ਬਰਤਨਾਂ ਦੀ ਜਾਂਚ ਕਰਦੇ ਹਨ ਜਿੱਥੇ ਮੱਛਰ ਅੰਡੇ ਦੇ ਸਕਦੇ ਹਨ। ਜੇਕਰ ਕਿਤੇ ਪਾਣੀ ਜਮ੍ਹਾ ਮਿਲਦਾ ਹੈ, ਤਾਂ ਉਹ ਉਸ ਨੂੰ ਤੁਰੰਤ ਸਾਫ਼ ਕਰਵਾਉਂਦੇ ਹਨ ਅਤੇ ਲੋਕਾਂ ਨੂੰ ਦੱਸਦੇ ਹਨ ਕਿ ਖੜ੍ਹਾ ਪਾਣੀ ਮੱਛਰਾਂ ਦਾ ਘਰ ਹੁੰਦਾ ਹੈ। ਇਸ ਤੋਂ ਇਲਾਵਾ, ਉਹ ਲੋਕਾਂ ਨੂੰ ਮੱਛਰਦਾਨੀਆਂ ਦੀ ਵਰਤੋਂ ਕਰਨ, ਸਰੀਰ ਨੂੰ ਢੱਕਣ ਵਾਲੇ ਕੱਪੜੇ ਪਾਉਣ ਅਤੇ ਮੱਛਰ ਭਜਾਉਣ ਵਾਲੇ ਉਪਕਰਨਾਂ ਦੀ ਵਰਤੋਂ ਕਰਨ ਲਈ ਪ੍ਰੇਰਿਤ ਕਰਦੇ ਹਨ।


ਭਾਰਤ ਵਿੱਚ ਗਰਮੀ ਅਤੇ ਮਾਨਸੂਨ ਦੌਰਾਨ ਮਲੇਰੀਆ ਦਾ ਖਤਰਾ ਵਧ ਜਾਂਦਾ ਹੈ। ਸਿਹਤ ਵਿਭਾਗ ਵੱਲੋਂ ਮਲੇਰੀਆ ਮੁਕਤ ਭਾਰਤ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਕਈ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਜਦੋਂ ਵੀ ਕਿਸੇ ਇਲਾਕੇ ਵਿੱਚ ਬੁਖਾਰ ਦੇ ਮਰੀਜ਼ ਸਾਹਮਣੇ ਆਉਂਦੇ ਹਨ, ਤਾਂ ਇਹ ਹੈਲਥ ਵਰਕਰ ਤੁਰੰਤ ਉੱਥੇ ਪਹੁੰਚ ਕੇ ਖੂਨ ਦੇ ਨਮੂਨੇ ਲੈਂਦੇ ਹਨ ਤਾਂ ਜੋ ਮਲੇਰੀਆ ਦੀ ਪਛਾਣ ਕਰਕੇ ਜਲਦੀ ਇਲਾਜ ਸ਼ੁਰੂ ਕੀਤਾ ਜਾ ਸਕੇ। ਉਨ੍ਹਾਂ ਦਾ ਮੁੱਖ ਉਦੇਸ਼ ਮੌਤ ਦਰ ਨੂੰ ਘਟਾਉਣਾ ਅਤੇ ਬਿਮਾਰੀ ਦੇ ਫੈਲਾਅ ਨੂੰ ਰੋਕਣਾ ਹੈ।

ਵਿਸ਼ਵ ਮਲੇਰੀਆ ਦਿਵਸ ਸਾਨੂੰ ਇਹ ਯਾਦ ਦਿਵਾਉਂਦਾ ਹੈ ਕਿ ਸਮਾਜ ਦੀ ਭਾਗੀਦਾਰੀ ਤੋਂ ਬਿਨਾਂ ਕੋਈ ਵੀ ਮੁਹਿੰਮ ਸਫਲ ਨਹੀਂ ਹੋ ਸਕਦੀ। ਸਾਨੂੰ ਸਿਹਤ ਵਿਭਾਗ ਦੇ ਇਨ੍ਹਾਂ ਕਰਮਚਾਰੀਆਂ ਦਾ ਪੂਰਾ ਸਹਿਯੋਗ ਕਰਨਾ ਚਾਹੀਦਾ ਹੈ। ਜੇਕਰ ਸਿਹਤ ਵਰਕਰ ਤੁਹਾਡੇ ਇਲਾਕੇ ਵਿੱਚ ਪਾਣੀ ਦੇ ਸੋਮਿਆਂ ਦੀ ਚੈਕਿੰਗ ਕਰਨ ਆਉਂਦੇ ਹਨ, ਤਾਂ ਉਨ੍ਹਾਂ ਨੂੰ ਸਹੀ ਜਾਣਕਾਰੀ ਦਿਓ ਅਤੇ ਉਨ੍ਹਾਂ ਦੁਆਰਾ ਦੱਸੇ ਗਏ ਸਾਵਧਾਨੀਆਂ 'ਤੇ ਅਮਲ ਕਰੋ।

ਸਿੱਟੇ ਵਜੋਂ, ਮਲੇਰੀਆ ਇੱਕ ਰੋਕਥਾਮਯੋਗ ਬਿਮਾਰੀ ਹੈ। ਜੇਕਰ ਅਸੀਂ ਆਪਣੇ ਆਲੇ-ਦੁਆਲੇ ਸਫਾਈ ਰੱਖੀਏ ਅਤੇ ਪਾਣੀ ਇਕੱਠਾ ਨਾ ਹੋਣ ਦੇਈਏ, ਤਾਂ ਅਸੀਂ ਇਸ ਬਿਮਾਰੀ ਦੀ ਲੜੀ ਨੂੰ ਤੋੜ ਸਕਦੇ ਹਾਂ। ਸਿਹਤ ਵਿਭਾਗ ਪੰਜਾਬ ਅਤੇ ਮਲਟੀਪਰਪਜ ਹੈਲਥ ਵਰਕਰਾਂ ਦੇ ਸਾਂਝੇ ਯਤਨਾਂ ਨਾਲ ਅਸੀਂ ਮਲੇਰੀਆ ਮੁਕਤ ਪੰਜਾਬ ਦੀ ਸਿਰਜਣਾ ਕਰ ਸਕਦੇ ਹਾਂ। ਜਾਗਰੂਕਤਾ ਹੀ ਸਭ ਤੋਂ ਵੱਡਾ ਬਚਾਅ ਹੈ ਅਤੇ ਹਰ ਨਾਗਰਿਕ ਦਾ ਫਰਜ਼ ਹੈ ਕਿ ਉਹ ਇਸ ਜੰਗ ਵਿੱਚ ਆਪਣਾ ਯੋਗਦਾਨ ਪਾਵੇ।



**ਲੇਖਕ: ਅਮਰਜੀਤ ਸੀ ਐੱਚ ਸੀ ਮਮਦੋਟ (ਫਿਰੋਜ਼ਪੁਰ), ਸੰਪਰਕ 98143 10712**


CELEBRATING
AMBEDKAR'S
135TH BIRTHDAY AS
Equality day
"I measure the progress of a community by degree of progress which women have achieved."
Dr B.R. Ambedkar
APRIL 26TH, 2026
1:30 PM - 5:30 PM
The Centenary Hall, Kempston
104 Bedford Rd, MK42 8BG
Organised By:
AMBEDKAR MISSION SOCIETY, BEDFORD (+44 07721935138)
Supported By:
SRI GURU RAVIDASS SABHA, BEDFORD
NIRANKARI SATSANG BHAWAN, BEDFORD
BHAGWAN VALMIK SABHA, BEDFORD
"Justice, equality, and fraternity are the principles that should guide every society."
— Dr. B.R. Ambedkar
CONSTITUTION OF INDIA

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ
facebook
samajweekly

ਸਾਨੂੰ ਐਕਸ ਤੇ ਫੌਲੋ ਕਰੋ
X
@samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com